# ਆਚਾਰ ਜ਼ਾਬਤਾ







# ਵਿਸ਼ਾ-ਸੂਚੀ


4 CEO ਦਾ ਸੁਨੇਹਾ

6 ਸਾਡੇ ਮੁੱਲ

8 Safety First, Quality Always

10 ਸਾਡੇ ਆਚਾਰ ਜ਼ਾਬਤੇ ਦੀ ਇੱਕ ਮਾਰਗ-ਦਰਸ਼ਕਾ

12 ਨੈਤਿਕ ਫ਼ੈਸਲੇ ਲੈਣਾ

14 ਮਦਦ, ਸਲਾਹ ਅਤੇ ਚਿੰਤਾਵਾਂ ਪ੍ਰਗਟਾਉਣਾ

16 ਆਪਣੇ ਲੋਕਾਂ ਦੀ ਸੁਰੱਖਿਆ ਕਰਨਾ

- 17 ਵਿਭਿੰਨਤਾ, ਸ਼ਮੂਲੀਅਤ ਅਤੇ ਸੰਬੰਧਿਤ
- 18 ਧੱਕੇਸ਼ਾਹੀ ਅਤੇ ਪਰੇਸ਼ਾਨੀ ਰੋਕਣਾ
- 20 ਮਨੁੱਖੀ ਅਧਿਕਾਰ

21 ਇਮਾਨਦਾਰੀ ਨਾਲ ਕੰਮ ਕਰਨਾ

- 22 ਰਿਸ਼ਵਤਖੋਰੀ ਅਤੇ ਭ੍ਰਿਸ਼ਟਾਚਾਰ ਵਿਰੋਧੀ
- 24 ਹਿੱਤਾਂ ਦਾ ਟਕਰਾਅ
- 26 ਨਿਰਪੱਖ ਮੁਕਾਬਲਾ
- 28 ਅੰਦਰੂਨੀ ਵਪਾਰ
- 29 ਮਨਜ਼ੂਰੀਆਂ ਅਤੇ ਵਪਾਰ ਨਿਯੰਤ੍ਰਣ
- 30 ਮਨੀ ਲਾਂਡਰਿੰਗ ਵਿਰੋਧੀ
- 32 ਵਿੱਤੀ ਇਮਾਨਦਾਰੀ ਅਤੇ ਰਿਕਾਰਡ ਧਾਰਨ
- 33 ਤੀਜੀ ਧਿਰਾਂ ਨਾਲ ਕੰਮ ਕਰਨਾ
- 34 ਜ਼ਿੰਮੇਵਾਰ ਰੀਜਨੀਤਕ ਰੁਝੇਵਾਂ

35 ਸਾਡੀ ਜਾਣਕਾਰੀ ਅਤੇ ਸੰਪੱਤੀ ਦੀ ਸੁਰੱਖਿਆ ਕਰਨਾ

- 36 ਭੌਤਿਕ ਅਤੇ ਬੌਧਿਕ ਸੰਪੱਤੀ
- 38 ਗੁਪਤ ਜਾਣਕਾਰੀ ਦੀ ਸੁਰੱਖਿਆ ਕਰਨਾ
- 39 ਨਿੱਜੀ ਡਾਟੇ ਦੀ ਸੁਰੱਖਿਆ ਕਰਨਾ
- 40 ਸੂਚਨਾ ਤਕਨਾਲੋਜੀ ਦੀ ਵਰਤੋਂ ਕਰਨਾ
- 41 ਬਾਹਰੀ ਸੰਚਾਰ ਅਤੇ ਸੋਸ਼ਲ ਮੀਡੀਆ

42 ਸਾਡੀਆਂ ਬਰਾਦਰੀਆਂ ਲਈ ਦੇਖਭਾਲ

- 43 ਗ੍ਰਹਿ ਦੀ ਸੁਰੱਖਿਆ ਕਰਨਾ
- 45 ਬਰਾਦਰੀਆਂ ਦਾ ਪੁਸ਼ਟੀਕਰਨ

46 'Speak up' ਸੇਵਾ ਦੇ ਸੰਪਰਕ ਵੇਰਵੇ

# CEO ਦਾ ਸੁਨੇਹਾ



**ਐਡਮੰਡ ਸਕੈਨਲੋਨ**
ਮੁੱਖ ਕਾਰਜਕਾਰੀ ਅਧਿਕਾਰੀ

## ਕਾਰੋਬਾਰ ਨੂੰ ਇਮਾਨਦਾਰੀ ਨਾਲ ਕਰਨਾ ਇੱਕ ਬੁਨਿਆਦੀ ਤਰਜੀਹ ਹੈ ਅਤੇ ਕਾਰੋਬਾਰੀ ਨਤੀਜੇ ਹਮੇਸ਼ਾਂ ਨੈਤਿਕਤਾ ਅਤੇ ਕਾਨੂੰਨੀ ਤਰੀਕੇ ਨਾਲ ਪ੍ਰਾਪਤ ਕੀਤੇ ਜਾਣੇ ਚਾਹੀਦੇ ਹਨ।

ਪਿਆਰੇ ਸਾਥੀਓ,

ਸਾਡਾ ਉਦੇਸ਼, Inspiring Food, Nourishing Life, ਹੀ ਉਹ ਕਾਰਨ ਹੈ ਜਿਸ ਕਰਕੇ ਅਸੀਂ ਹਰ ਰੋਜ਼ ਕੰਮ 'ਤੇ ਆਉਂਦੇ ਹਾਂ ਅਤੇ ਕਿਉਂ ਸਾਡੇ ਗਾਹਕ ਸਾਡੇ ਨਾਲ ਭਾਈਵਾਲ ਬਣਨਾ ਚੁਣਦੇ ਹਨ, ਇਹ ਹੀ ਇਸਦੀ ਕੁੰਜੀ ਹੈ। ਇਹ ਸਾਡੀ ਸੰਸਥਾ ਵਿੱਚ ਸ਼ਾਮਲ ਹੈ ਅਤੇ ਸਾਡੇ ਮੁੱਲਾਂ ਨਾਲ ਜੁੜਿਆ ਹੋਇਆ ਹੈ, ਜੋ ਸਹੀ ਫ਼ੈਸਲੇ ਕਰਨ, ਮਲਕੀਅਤ ਲੈਣ ਵਿੱਚ ਸਾਡਾ ਮਾਰਗ-ਦਰਸ਼ਨ ਕਰਦਾ ਹੈ ਅਤੇ ਕਾਰੋਬਾਰ ਨੂੰ ਅੱਗੇ ਵਧਾਉਣ ਵਿੱਚ ਮਦਦ ਕਰਦਾ ਹੈ।

ਕਾਰੋਬਾਰ ਨੂੰ ਇਮਾਨਦਾਰੀ ਨਾਲ ਕਰਨਾ ਇੱਕ ਬੁਨਿਆਦੀ ਤਰਜੀਹ ਹੈ ਅਤੇ ਕਾਰੋਬਾਰੀ ਨਤੀਜੇ ਹਮੇਸ਼ਾਂ ਨੈਤਿਕਤਾ ਅਤੇ ਕਾਨੂੰਨੀ ਤਰੀਕੇ ਨਾਲ ਪ੍ਰਾਪਤ ਕੀਤੇ ਜਾਣੇ ਚਾਹੀਦੇ ਹਨ। ਇਹ ਸਾਡੀ ਲੰਬੇ ਸਮੇਂ ਦੀ ਸਫ਼ਲਤਾ ਲਈ ਬਹੁਤ ਹੀ ਜ਼ਰੂਰੀ ਹੈ, ਸਾਨੂੰ ਸਾਡੇ ਸਾਰੇ ਹਿੱਸੇਦਾਰਾਂ ਦਾ ਭਰੋਸਾ ਦਵਾਉਂਦਾ ਹੈ ਅਤੇ ਇਹ ਯਕੀਨੀ ਬਣਾਉਂਦਾ ਹੈ ਕਿ ਅਸੀਂ ਆਪਣੀ ਸਾਖ਼ ਦੀ ਰੱਖਿਆ ਕਰੀਏ ਜੋ ਸਾਡੀਆਂ ਸਭ ਤੋਂ ਮਹੱਤਵਪੂਰਨ ਸੰਪੱਤੀਆਂ ਵਿੱਚੋਂ ਇੱਕ ਰਹੀ ਹੈ।

ਸਾਡਾ ਆਚਾਰ ਜ਼ਾਬਤਾ ਤੁਹਾਨੂੰ ਤੁਹਾਡੀਆਂ ਵਿਅਕਤੀਗਤ ਜ਼ਿੰਮੇਵਾਰੀਆਂ ਅਤੇ ਸਾਰੇ Kerry ਸਮੂਹ ਦੇ ਸਹਿਯੋਗੀਆਂ ਲਈ ਮਿਆਰਾਂ ਅਤੇ ਉਮੀਦਾਂ ਨੂੰ ਸਮਝਣ ਵਿੱਚ ਮਦਦ ਕਰਨ ਵਾਸਤੇ ਬਣਾਇਆ ਗਿਆ ਹੈ। ਤੁਹਾਡੀ ਭੂਮਿਕਾ, ਵਰਿਸ਼ਠਤਾ ਜਾਂ ਟਿਕਾਣੇ ਤੋਂ ਇਲਾਵਾ, ਤੁਹਾਨੂੰ ਸਾਡੇ ਜ਼ਾਬਤੇ ਅਤੇ ਸਾਡੀਆਂ ਨੀਤੀਆਂ ਅਤੇ ਸਾਰੇ ਲਾਗੂ ਕਾਨੂੰਨਾਂ, ਪਾਬੰਦੀਆਂ ਅਤੇ ਉਦਯੋਗਿਕ ਮਿਆਰਾਂ ਦੀ ਪਾਲਣਾ ਕਰਨੀ ਪਵੇਗੀ ਜੋ ਤੁਹਾਡੇ ਕੰਮ ਨਾਲ ਹਰ ਰੋਜ਼ ਸੰਬੰਧ ਰੱਖਦੀ ਹੈ।

ਹਾਲਾਂਕਿ ਸਾਡਾ ਜ਼ਾਬਤਾ ਹਰ ਸੰਭਾਵੀ ਸਥਿਤੀ ਨੂੰ ਕਵਰ ਨਹੀਂ ਕਰ ਸਕਦਾ, ਇਹ ਕਾਨੂੰਨੀ ਅਤੇ ਨੈਤਿਕ ਜ਼ਿੰਮੇਵਾਰੀਆਂ ਦੀ ਇੱਕ ਮਾਰਗ-ਦਰਸ਼ਕਾ ਹੈ ਜੋ ਅਸੀਂ ਸਾਂਝਾ ਕਰਦੇ ਹਾਂ ਅਤੇ ਸਾਨੂੰ ਮਜ਼ਬੂਤ ਫ਼ੈਸਲੇ ਲੈਣ ਲਈ ਸਹਾਇਕ ਉਪਲਬਧ ਵਾਧੂ ਸਰੋਤਾਂ ਵੱਲ ਇਸ਼ਾਰਾ ਕਰਦੀ ਹੈ। ਇਹ ਮਹੱਤਵਪੂਰਨ ਹੈ ਕਿ ਤੁਸੀਂ ਹਮੇਸ਼ਾਂ ਆਮ ਸਮਝ ਅਤੇ ਚੰਗੇ ਨਿਰਣੇ ਲਾਗੂ ਕਰੋ ਅਤੇ ਉਹਨਾਂ ਤਰੀਕਿਆਂ ਨਾਲ ਹੀ ਕੰਮ ਕਰੋ ਜੋ ਸਾਡੇ ਉਦੇਸ਼ ਅਤੇ ਸਾਡੇ ਮੁੱਲਾਂ ਦਾ ਸਮਰਥਨ ਕਰਦੇ ਹਨ। ਜੇਕਰ ਤੁਸੀਂ ਕਦੇ ਵੀ ਕਿਸੇ ਸ਼ੰਕੇ ਵਿੱਚ ਹੋਵੋ, ਤਾਂ ਮਾਰਗ-ਦਰਸ਼ਨ ਦੀ ਮੰਗ ਕਰੋ। ਮੈਂ ਚਾਹੁੰਦਾ ਹਾਂ ਕਿ ਤੁਸੀਂ ਬੋਲ ਕੇ ਸਾਹਸ ਦਿਖਾਓ। ਤੁਹਾਨੂੰ ਇਸ ਦਸਤਾਵੇਜ਼ ਵਿੱਚ ਮਾਰਗ-ਦਰਸ਼ਨ ਕਿਵੇਂ ਮੰਗਣਾ ਹੈ ਅਤੇ ਚਿੰਤਾਵਾਂ ਦਾ ਪ੍ਰਗਟਾਵਾ ਕਿਵੇਂ ਕਰਨਾ ਹੈ, ਬਾਰੇ ਹੋਰ ਵੀ ਵਿਸਤਾਰ ਮਿਲੇਗਾ।

ਸਿਰਫ਼ ਇਕੱਠਿਆਂ ਕੰਮ ਕਰਕੇ ਹੀ ਅਸੀਂ ਆਪਣੇ ਗਾਹਕਾਂ ਦੇ ਸਭ ਤੋਂ ਮੁੱਲਵਾਨ ਭਾਈਵਾਲ ਬਣਨ ਦੇ ਆਪਣੇ ਦ੍ਰਿਸ਼ਟੀਕੋਣ ਨੂੰ ਪ੍ਰਾਪਤ ਕਰ ਸਕਦੇ ਹਾਂ, ਇੱਕ ਟਿਕਾਊ ਪੋਸ਼ਣ ਦੀ ਦੁਨੀਆ ਸਿਰਜ ਸਕਦੇ ਹਾਂ। ਇਮਾਨਦਾਰੀ ਨਾਲ ਕੰਮ ਕਰਨਾ, ਅਸੀਂ ਕੌਣ ਹਾਂ, ਦਾ ਹੀ ਇੱਕ ਹਿੱਸਾ ਹੈ ਅਤੇ ਅਜਿਹਾ ਕਰਨ ਨਾਲ ਅਸੀਂ ਕਾਰੋਬਾਰੀ ਵਿਹਾਰ ਦੇ ਉੱਚ ਮਿਆਰਾਂ ਨੂੰ ਪਹੁੰਚਾਉਣਾ ਜਾਰੀ ਰੱਖਾਂਗੇ ਜਿਸਦੀ ਸਾਡੇ ਗਾਹਕ, ਹਿੱਸੇਦਾਰ, ਭਾਈਵਾਲ ਅਤੇ ਸਹਿਯੋਗੀ ਸਾਡੇ ਤੋਂ ਉਮੀਦ ਕਰਦੇ ਹਨ।

ਤੁਹਾਡੀ ਵਚਨਬੱਧਤਾ ਲਈ ਧੰਨਵਾਦ



**ਐਡਮੰਡ ਸਕੈਨਲੋਨ**
ਮੁੱਖ ਕਾਰਜਕਾਰੀ ਅਧਿਕਾਰੀ



# ਸਾਡੇ ਮੁੱਲ

ਸਾਡੇ ਮੁੱਲ ਸਾਡਾ ਮਾਰਗ-ਦਰਸ਼ਨ ਕਰਦੇ ਹਨ ਕਿਉਂਕਿ ਅਸੀਂ Inspiring Food, Nourishing Life ਦੇ ਆਪਣੇ ਉਦੇਸ਼ ਨੂੰ ਜਿਉਂਦੇ ਹਾਂ। ਇਹ ਸਾਡੀ ਵਿਰਾਸਤ ਅਤੇ ਭਵਿੱਖ ਲਈ ਸਾਡੀਆਂ ਇੱਛਾਵਾਂ ਦੀਆਂ ਮੁੱਖ ਸ਼ਕਤੀਆਂ ਨੂੰ ਦਰਸਾਉਂਦੇ ਹਨ। ਇਹ ਸਾਡੇ ਵਿਹਾਰਕ ਕੰਪਾਸ ਦੀ ਤਰ੍ਹਾਂ ਕੰਮ ਕਰਦੇ ਹਨ, ਸਾਨੂੰ ਸਹੀ ਰਾਹ ਉੱਤੇ ਰੱਖਦੇ ਹਨ ਅਤੇ ਸੱਭਿਆਚਾਰਕ ਅਤੇ ਭੂਗੋਲਿਕ ਖੇਤਰਾਂ ਵਿੱਚ ਇੱਕਜੁੱਟ ਹੁੰਦੇ ਹਨ, ਜੋ ਸਾਡੇ ਲੋਕਾਂ, ਸਾਡੇ ਗਾਹਕਾਂ ਅਤੇ ਸਾਡੀਆਂ ਬਰਾਦਰੀਆਂ ਦਾ ਭਰੋਸਾ ਅਤੇ ਸਤਿਕਾਰ ਕਮਾਉਣ ਵਿੱਚ ਸਾਡੀ ਮਦਦ ਕਰਦੇ ਹਨ।

## ਹਿੰਮਤ

ਅਸੀਂ ਬਹਾਦਰ ਹਾਂ, ਅਸੀਂ ਬੋਲਦੇ ਹਾਂ ਅਤੇ ਅਸੀਂ ਇੱਕ-ਦੂਜੇ ਨੂੰ ਬਿਹਤਰੀਨ ਨਤੀਜੇ ਪ੍ਰਾਪਤ ਕਰਨ ਲਈ ਪ੍ਰੇਰਦੇ ਹਾਂ।

### ਹਿੰਮਤ ਨਾਲ ਕੰਮ ਕਰਨਾ

- ਅਸੀਂ ਆਪਣੇ ਨਿਸ਼ਚੇ ਦੀ ਹਿੰਮਤ ਨਾਲ ਖੜ੍ਹੇ ਹਾਂ ਕਿਉਂਕਿ ਇਮਾਨਦਾਰੀ ਸਮਝੌਤੇਯੋਗ ਨਹੀਂ
- ਅਸੀਂ ਬੋਲਦੇ ਹਾਂ ਅਤੇ ਸਥਿਤੀ ਨੂੰ ਚੁਣੌਤੀ ਦਿੰਦੇ ਹਾਂ
- ਅਸੀਂ ਫ਼ੈਸਲੇ ਲੈਂਦੇ ਹਾਂ
- ਅਸੀਂ ਅਗਵਾਈ ਕਰਦੇ ਹਾਂ ਅਤੇ ਕਦੇ ਵੀ Safety First, Quality Always ਉੱਤੇ ਕੋਈ ਸਮਝੌਤਾ ਨਹੀਂ ਕਰਦੇ
- ਅਸੀਂ ਉਹ ਕਰਦੇ ਹਾਂ ਜੋ ਸਾਡੇ ਲੋਕਾਂ, ਸਾਡੇ ਗਾਹਕਾਂ, ਸਾਡੇ ਕਾਰੋਬਾਰ ਅਤੇ ਸੰਸਾਰ ਲਈ ਸਹੀ ਹੈ

## ਮਲਕੀਅਤ

ਅਸੀਂ ਜਵਾਬਦੇਹ ਹਾਂ ਅਤੇ ਅਸੀਂ ਕਾਰੋਬਾਰ ਦੀ ਪਰਵਾਹ ਕਰਦੇ ਹਾਂ ਜਿਵੇਂ ਕਿ ਇਹ ਸਾਡਾ ਆਪਣਾ ਹੋਵੇ।

### ਮਲਕੀਅਤ ਲੈਣਾ

- ਅਸੀਂ ਆਪਣੇ ਕੈਰੀਅਰ ਅਤੇ ਸਮੁੱਚੇ ਤੌਰ 'ਤੇ Kerry ਲਈ ਨਿੱਜੀ ਜ਼ਿੰਮੇਵਾਰੀ ਲੈਂਦੇ ਹਾਂ
- ਅਸੀਂ ਉਮੀਦਾਂ ਤੋਂ ਅੱਗੇ ਵੱਧਣ ਲਈ ਯਤਨ ਕਰਦੇ ਹਾਂ
- ਅਸੀਂ ਇਹ ਨਹੀਂ ਦੇਖਦੇ ਕਿ ਅਸੀਂ ਕਿੱਥੋਂ ਆਏ ਹਾਂ ਜਾਂ ਅਸੀਂ ਕਿੱਥੇ ਜਾ ਰਹੇ ਹਾਂ
- ਅਸੀਂ ਉਹ ਕਰਦੇ ਹਾਂ ਜੋ ਅਸੀਂ ਕਹਿੰਦੇ ਹਾਂ ਕਿ ਅਸੀਂ ਕਰਾਂਗੇ, ਅਤੇ ਹਮੇਸ਼ਾਂ ਉਹ ਕਰਦੇ ਹਾਂ ਜੋ ਸਹੀ ਹੈ

## ਸ਼ਮੂਲੀਅਤ

ਅਸੀਂ ਸੁਆਗਤ ਕਰ ਰਹੇ ਹਾਂ, ਅਸੀਂ ਭਰੋਸੇਯੋਗ ਹਾਂ ਅਤੇ ਵਿਭਿੰਨਤਾ ਵਿੱਚ ਤਾਕਤ ਦੇਖਦੇ ਹਾਂ।

### ਅਸੀਂ ਸ਼ਮੂਲੀਅਤ ਦੇ ਰੋਲ ਮਾਡਲ ਹਾਂ

- ਅਸੀਂ ਜਾਣਦੇ ਹਾਂ ਕਿ ਇਕੱਠਿਆਂ ਅਸੀਂ ਬਿਹਤਰੀਨ ਹਾਂ
- ਅਸੀਂ ਗਾਹਕਾਂ ਅਤੇ ਹਰੇਕ ਸਹਿਯੋਗੀ ਦੀ ਸਫ਼ਲਤਾ ਵਿੱਚ ਮਦਦ ਕਰਨ ਲਈ ਵਿਭਿੰਨਤਾ ਅਤੇ ਭਾਈਵਾਲ ਦੀ ਸਿਫ਼ਤ ਕਰਦੇ ਹਾਂ
- ਅਸੀਂ ਇੱਕ ਦੂਜੇ ਨਾਲ ਇੱਕ ਟੀਮ ਵਜੋਂ ਕੰਮ ਕਰਨ ਦੀ ਕਦਰ ਕਰਦੇ ਹਾਂ, ਭਰੋਸਾ ਕਰਦੇ ਹਾਂ ਅਤੇ ਅਨੰਦ ਮਾਣਦੇ ਹਾਂ
- ਅਸੀਂ ਦੂਜਿਆਂ ਨੂੰ ਬੋਲਣ ਅਤੇ ਸ਼ਾਮਲ ਹੋਣ ਲਈ ਉਤਸ਼ਾਹਤ ਕਰਦੇ ਹਾਂ
- ਅਸੀਂ ਲੋਕਾਂ ਅਤੇ ਇੱਕ ਦੂਜੇ ਦੀਆਂ ਸਫ਼ਲਤਾਵਾਂ ਨੂੰ ਪਛਾਣਦੇ ਹਾਂ

## ਖੁੱਲ੍ਹੀ-ਸੋਚ

ਅਸੀਂ ਜਿਗਿਆਸੂ ਹਾਂ, ਅਸੀਂ ਕਾਢ ਕੱਢਦੇ ਹਾਂ ਅਤੇ ਅਸੀਂ ਸੰਭਾਵਨਾਵਾਂ ਵਿੱਚ ਵਿਸ਼ਵਾਸ ਰੱਖਦੇ ਹਾਂ।

### ਖੁੱਲ੍ਹੀ-ਸੋਚ ਦਾ ਅਭਿਆਸ ਕਰਨਾ

- ਅਸੀਂ ਧਿਆਨ ਨਾਲ ਸੁਣਦੇ ਹਾਂ, ਨਵੇਂ ਵਿਚਾਰਾਂ ਅਤੇ ਚੀਜ਼ਾਂ ਨੂੰ ਕਰਨ ਦੇ ਤਰੀਕਿਆਂ ਲਈ ਖੁੱਲ੍ਹੇ ਰਹਿੰਦੇ ਹਾਂ
- ਅਸੀਂ ਨਵੇਂ ਪਰੀਪੇਖ ਭਾਲਦੇ ਹਾਂ, ਦੂਸਰਿਆਂ ਤੋਂ ਸਿੱਖਦੇ ਹਾਂ, ਪ੍ਰਯੋਗ ਕਰਦੇ ਹਾਂ
- ਅਸੀਂ ਪੁੱਛਦੇ ਹਾਂ, 'ਕਿਉਂ?' ਅਤੇ 'ਕੀ ਜੇ?'
- ਅਸੀਂ ਪ੍ਰੇਰਿਤ ਰਹਿੰਦੇ ਹਾਂ

## ਉੱਦਮੀ ਭਾਵਨਾ

ਅਸੀਂ ਦਲੇਰ ਹਾਂ, ਅਸੀਂ ਵੱਡੇ ਪ੍ਰਤੀਰੂਪ ਸੋਚਦੇ ਹਾਂ, ਅਸੀਂ ਮੁੱਲ ਸ਼ਾਮਲ ਕਰਦੇ ਹਾਂ ਅਤੇ ਅਸੀਂ ਅੱਗੇ ਵੱਧਦੇ ਹਾਂ।

### ਸਾਡੀ ਉੱਦਮੀ ਭਾਵਨਾ ਦਾ ਪ੍ਰਦਰਸ਼ਨ ਕਰਨਾ

- ਅਸੀਂ ਭਵਿੱਖ ਵੱਲ ਦੇਖਦੇ ਹਾਂ ਅਤੇ ਆਪਣੀਆਂ ਮੰਡੀਆਂ ਦੇ ਨੇੜੇ ਰਹਿੰਦੇ ਹਾਂ
- ਜਦੋਂ ਅਸੀਂ ਸਿਰੇ ਤੋਂ ਸਿਰੇ ਤੱਕ ਇਕੱਠਿਆਂ ਕੰਮ ਕਰਦੇ ਹਾਂ, ਅਸੀਂ ਵੱਧ ਹਾਸਲ ਕਰਦੇ ਹਾਂ, ਅੱਜ ਦੀਆਂ ਸ਼ਕਤੀਆਂ ਦਾ ਨਿਰਮਾਣ ਕਰਦੇ ਹਾਂ ਅਤੇ ਨਵੇਂ ਮੌਕੇ ਸਿਰਜਦੇ ਹਾਂ
- ਅਸੀਂ ਗਿਣੇ-ਮਿੱਥੇ ਜੋਖ਼ਮ ਲੈਂਦੇ ਹਾਂ ਅਤੇ ਚੁਣੌਤੀਆਂ ਦੀ ਭਾਲ ਕਰਦੇ ਹਾਂ
- ਅਸੀਂ ਲਚਕਦਾਰ ਰਹਿੰਦੇ ਹਾਂ, ਅੜੀਚਨਾਂ ਨੂੰ ਹਟਾਉਂਦੇ ਹਾਂ ਅਤੇ Kerry ਨਾਲ ਗਾਹਕਾਂ ਦੇ ਵਪਾਰ ਕਰਨ ਲਈ ਇਸਨੂੰ ਹੋਰ ਸੌਖਾ ਅਤੇ ਹੋਰ ਮੁੱਲਵਾਨ ਬਣਾਉਂਦੇ ਹਾਂ



# Safety First, Quality Always

## ਸਾਡੇ ਲੋਕਾਂ ਅਤੇ ਸਾਡੇ ਉਤਪਾਦਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ Safety First, Quality Always ਸਾਡੀ ਕੰਪਨੀ-ਵਿਆਪੀ ਵਚਨਬੱਧਤਾ ਹੈ।

ਲੋਕ ਸਾਡੀ ਸਭ ਤੋਂ ਮਹੱਤਵਪੂਰਨ ਸੰਪੱਤੀ ਹੈ ਅਤੇ ਤੁਹਾਨੂੰ ਸਹੀ ਸਲਾਮਤ ਅਤੇ ਸੁਰੱਖਿਅਤ ਰੱਖਣਾ ਸਾਡੀ ਸਭ ਤੋਂ ਪਹਿਲੀ ਤਰਜੀਹ ਹੈ। Kerry ਸਮੂਹ ਨੇ ਇੱਕ ਸਮੂਹ ਵਿਆਪੀ ਪ੍ਰਬੰਧਨ ਪ੍ਰਣਾਲੀ ਨੂੰ ਲਾਗੂ ਕਰ ਦਿੱਤਾ ਹੈ ਜੋ ਸੁਰੱਖਿਅਤ ਅਤੇ ਲਗਾਤਾਰ ਕੰਮ ਕਰਨ ਦੇ ਤਰੀਕਿਆਂ ਦੀ ਵਿਆਖਿਆ ਕਰਦੀ ਹੈ ਅਤੇ ਸਾਡੇ ਸਾਰੇ ਸਰੋਤਾਂ ਦੁਆਲੇ ਮਿਆਰੀ ਜ਼ਰੂਰਤਾਂ ਨੂੰ ਸਥਾਪਤ ਕਰਦੀ ਹੈ। ਸਾਨੂੰ ਸਾਰਿਆਂ ਨੂੰ ਸੁਰੱਖਿਆ ਪ੍ਰਣਾਲੀਆਂ ਦੀ ਪਾਲਣਾ ਕਰਨੀ ਚਾਹੀਦੀ ਹੈ ਅਤੇ ਸੁਰੱਖਿਆ ਦੇ ਸੱਭਿਆਚਾਰ ਨੂੰ ਅੱਗੇ ਵਧਾਉਣਾ ਚਾਹੀਦਾ ਹੈ। ਹਰੇਕ ਨੂੰ ਕਿਸੇ ਭੂਮਿਕਾ, ਓਹਦੇ ਜਾਂ ਜ਼ਿੰਮੇਵਾਰੀ ਤੋਂ ਬਿਨਾਂ ਲੋਕਾਂ ਦੀ ਸੁਰੱਖਿਆ ਲਈ ਤਤਕਾਲ ਕਾਰਵਾਈ ਕਰਨ ਲਈ ਅਧਿਕਾਰ ਦਿੱਤਾ ਗਿਆ ਹੈ। ਜੇਕਰ ਤੁਸੀਂ ਕੋਈ ਅਜਿਹੀ ਸਥਿਤੀ ਦੇਖਦੇ ਹੋ ਜੋ ਦੂਸਰਿਆਂ ਨੂੰ ਜੋਖ਼ਮ ਵਿੱਚ ਪਾਉਂਦੀ ਹੈ, ਤਾਂ ਕਾਰਵਾਈ ਕਰੋ ਅਤੇ ਹਰ ਸਮੇਂ ਆਪਣੇ ਆਪ ਨੂੰ ਅਤੇ ਆਪਣੇ ਸਹਿ-ਕਰਮੀਆਂ ਨੂੰ ਹਾਨੀ-ਮੁਕਤ ਰੱਖੋ।

ਵਿਸ਼ਵ ਦੀ ਪ੍ਰਮੁੱਖ taste and nutrition ਕੰਪਨੀ ਵਜੋਂ, ਅਸੀਂ ਸੁਰੱਖਿਅਤ, ਉੱਚ ਗੁਣਵੱਤਾ ਵਾਲੇ ਉਤਪਾਦਾਂ ਦਾ ਉਤਪਾਦਨ ਕਰਨ ਦੀ ਕੋਸ਼ਿਸ਼ ਕਰਦੇ ਹਾਂ, ਅਤੇ ਪੂਰੇ ਸਮੂਹ ਵਿੱਚ ਜ਼ਰੂਰੀ ਭੋਜਨ ਅਤੇ ਉਤਪਾਦ ਸੁਰੱਖਿਆ ਲੋੜਾਂ ਮੌਜੂਦ ਹਨ।

ਸਾਡੇ ਗਾਹਕ ਅਤੇ ਖ਼ਪਤਕਾਰ ਭਰੋਸਾ ਕਰਦੇ ਹਨ ਕਿ ਸਾਡੇ ਵੱਲੋਂ ਸਰੋਤ ਕੀਤੇ ਜਾਣ ਵਾਲੀ ਸਮੱਗਰੀ ਤੋਂ ਅਸੀਂ ਆਪਣੀ ਸੰਪੂਰਨ ਪੂਰਤੀ ਲੜੀ ਉੱਤੇ ਭੋਜਨ ਸੁਰੱਖਿਆ ਅਤੇ ਆਪਣੇ ਉਤਪਾਦਾਂ ਦੇ ਉਤਪਾਦਨ ਅਤੇ ਵਿਤਰਨ ਲਈ ਸਾਡੇ ਵੱਲੋਂ ਪਾਲਣਾ ਕਰਨ ਵਾਲੀਆਂ ਪ੍ਰਕਿਰਿਆਵਾਂ ਨੂੰ ਯਕੀਨੀ ਬਣਾਉਂਦੇ ਹਾਂ। ਅਸੀਂ ਸਾਰੇ ਸੁਰੱਖਿਅਤ, ਮਿਆਰੀ ਭੋਜਨ ਨੂੰ ਰੋਜ਼ਾਨਾ ਪਹੁੰਚਾਉਣ ਲਈ ਹਰੇਕ ਪ੍ਰਕਿਰਿਆ, ਹਰੇਕ ਨੀਤੀ, ਹਰੇਕ ਕੰਮ ਕਰਨ ਦੇ ਢੰਗ ਨੂੰ ਯਕੀਨੀ ਬਣਾਉਣ ਵਿੱਚ ਮਦਦ ਕਰਨ ਲਈ ਭੂਮਿਕਾ ਅਦਾ ਕਰਦੇ ਹਾਂ।

ਸਾਡੇ ਲੋਕਾਂ ਅਤੇ ਸਾਡੇ ਉਤਪਾਦਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ **Safety First, Quality Always** ਸਾਡੀ ਕੰਪਨੀ-ਵਿਆਪੀ ਵਚਨਬੱਧਤਾ ਹੈ। ਖੇਤ ਤੋਂ ਲੈ ਕੇ ਖਾਣੇ ਦੇ ਮੇਜ਼ ਤੱਕ, ਸਿਰੇ-ਤੋਂ-ਸਿਰੇ ਤੱਕ ਦੀਆਂ ਪ੍ਰਕਿਰਿਆਵਾਂ ਲਈ ਸਖ਼ਤ ਭੋਜਨ ਸੁਰੱਖਿਆ ਦੀ ਪਾਲਣਾ ਕਰਦੇ ਹੋਏ ਅਸੀਂ ਉੱਚ ਦਰਜੇ ਦੇ ਉਤਪਾਦ ਮੁਹੱਈਆ ਕਰਦੇ ਹਾਂ, ਜਿਸ ਵਿੱਚ ਸ਼ਾਮਲ ਹਨ ਤਕੜੇ ਨਿਵਾਰਕ ਨਿਯੰਤ੍ਰਣ, ਸਾਫ਼-ਸਫ਼ਾਈ, ਸੁਖ਼ਮਜੀਵੀ ਨਿਰੀਖਣ ਕਾਰਜਕਰਮ, ਬਿਪਤਾ ਪ੍ਰਬੰਧਨ, ਦੁਮੇਲ ਨੂੰ ਵਾਚਦੇ ਹੋਏ ਲਗਾਤਾਰ ਸੁਧਾਰ ਕਰਨਾ ਅਤੇ ਉੱਤਮ ਭੋਜਨ ਸੁਰੱਖਿਆ ਕਾਰਜ-ਪ੍ਰਣਾਲੀਆਂ ਨੂੰ ਜੋੜਨਾ।



**Safety**First
**Quality**Always

ਸਾਡਾ Safety First, Quality Always ਲੋਗੋ ਦ੍ਰਿਸ਼ਟੀਗਤ ਰੂਪ ਵਿੱਚ ਪ੍ਰਦਰਸ਼ਿਤ ਕਰਦਾ ਹੈ ਕਿ ਅਸੀਂ ਜੋ ਕੁਝ ਵੀ ਕਰਦੇ ਹਾਂ, ਲੋਕ ਉਸਦੇ ਦਿਲ ਵਿੱਚ ਹਨ ਆਪਣੇ ਕਰਮਚਾਰੀਆਂ ਅਤੇ ਖ਼ਪਤਕਾਰਾਂ ਨੂੰ ਸੁਰੱਖਿਅਤ ਰੱਖਣਾ। ਸਾਡੇ ਲੋਕਾਂ ਅਤੇ ਸਾਡੇ ਉਤਪਾਦਾਂ ਦੋਹਾਂ ਦੀ ਸੁਰੱਖਿਆ ਨੂੰ ਅਸੀਂ ਸਮਾਨ ਰੂਪ ਵਿੱਚ ਲੈਂਦੇ ਹਾਂ। ਦਿਲ ਦੇ ਕੇਂਦਰ ਵਿੱਚ ਸਹੀ ਦਾ ਨਿਸ਼ਾਨ ਨਿਯੰਤ੍ਰਕ ਉਤਪਾਦਨ ਦੀਆਂ ਸੇਧਾਂ ਅਤੇ ਕਾਨੂੰਨਾਂ ਦੀ ਪਾਲਣਾ ਨੂੰ ਦਰਸਾਉਂਦਾ ਹੈ।



**Safety**First
**Quality**Always

# ਕਰਮਚਾਰੀਆਂ ਦੀਆਂ ਉਮੀਦਾਂ

> ਲੋਕਾਂ ਅਤੇ ਭੋਜਨ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਾਰੀਆਂ ਪਰਿਭਾਸ਼ਤ ਪ੍ਰਕਿਰਿਆਵਾਂ ਅਤੇ ਕਾਰਵਾਈਆਂ ਲਈ ਕੰਮ ਕਰੋ।

> ਉਤਪਾਦਨ ਦੀ ਗੁਣਵੱਤਾ ਜਾਂ ਸੁਰੱਖਿਆ ਸੰਬੰਧੀ ਮੁੱਦਿਆਂ ਬਾਰੇ ਅੰਦੇਸ਼ਾ ਹੋਣ 'ਤੇ ਤੁਰੰਤ ਬੋਲੋ।

> ਦੁਰਘਟਨਾਵਾਂ, ਵਾਕਿਆ, ਨੇੜਲੀਆਂ ਅਸਫ਼ਲਤਾਵਾਂ, ਨੀਤੀਆਂ, ਮਿਆਰਾਂ ਜਾਂ ਕਾਨੂੰਨਾਂ ਦੀਆਂ ਉਲੰਘਣਾਵਾਂ ਜਾਂ ਸਿਹਤ, ਸਲਾਮਤੀ ਅਤੇ ਸੁਰੱਖਿਆ ਬਾਰੇ ਕੋਈ ਵੀ ਹੋਰ ਖ਼ਤਰਾ ਹੋਣ 'ਤੇ ਉਸੇ ਵੇਲੇ ਰਿਪੋਰਟ ਕਰੋ।

> ਆਪਣੀ ਸਾਰੀਆਂ ਕਾਰਵਾਈਆਂ ਅਤੇ ਫ਼ੈਸਲਿਆਂ ਵਿੱਚ ਆਪਣੀ ਸੁਰੱਖਿਆ, ਆਪਣੇ ਸਹਿਯੋਗੀਆਂ ਦੀ ਸੁਰੱਖਿਆ ਅਤੇ ਸਾਡੇ ਉਤਪਾਦਾਂ ਦੀ ਸੁਰੱਖਿਆ ਬਾਰੇ ਵਿਚਾਰ ਕਰੋ।

> ਕਿਸੇ ਵੀ ਵਾਤਾਵਰਨ ਸੰਬੰਧੀ ਜੋਖ਼ਮਾਂ ਜਾਂ ਖ਼ਤਰਿਆਂ ਬਾਰੇ ਰਿਪੋਰਟ ਕਰੋ।

# ਸਾਡੇ ਆਚਾਰ ਜ਼ਾਬਤੇ ਲਈ ਮਾਰਗ-ਦਰਸ਼ਕਾ




**ਸਾਡਾ ਆਚਾਰ ਜ਼ਾਬਤਾ (ਜ਼ਾਬਤਾ) ਸਾਡੇ ਇਮਾਨਦਾਰੀ ਪ੍ਰਤੀ ਸਮਰਪਣ ਅਤੇ ਹਮੇਸ਼ਾਂ ਸਹੀ ਕੰਮ ਕਰਨ ਦੀ ਪ੍ਰਤੀਨਿਧਤਾ ਕਰਦਾ ਹੈ। ਇਹ ਸਾਡੇ ਲੋਕਾਂ ਦੀ ਸੁਰੱਖਿਆ ਕਰਨ, ਇਮਾਨਦਾਰੀ ਨਾਲ ਕੰਮ ਕਰਨ, ਸਾਡੀ ਜਾਣਕਾਰੀ ਅਤੇ ਸਾਡੀਆਂ ਸੰਪੱਤੀਆਂ ਦੀ ਹਿਫ਼ਾਜ਼ਤ ਕਰਨ ਅਤੇ ਸਾਡੀਆਂ ਬਰਾਦਰੀਆਂ ਦੀ ਦੇਖਭਾਲ ਕਰਨ ਦੇ ਮੁੱਢਲੇ ਸਿਧਾਂਤਾਂ ਉੱਤੇ ਆਧਾਰਿਤ ਹੈ।**

### ਆਚਾਰ ਜ਼ਾਬਤਾ ਕੀ ਹੈ?

Kerry ਸਮੂਹ ਉੱਚ ਨੈਤਿਕ ਮਿਆਰਾਂ ਮੁਤਾਬਕ ਕਾਰੋਬਾਰ ਚਲਾਉਣ ਲਈ ਸਮਰਪਿਤ ਹੈ। ਸਾਡਾ ਜ਼ਾਬਤਾ ਸਾਡੇ ਉਦੇਸ਼ ਅਤੇ ਮੁੱਲਾਂ ਨੂੰ ਇੱਕ ਰੂਪ ਦੇਣ ਲਈ ਚਿਤਵਿਆ ਗਿਆ ਹੈ ਅਤੇ ਸਾਡੀ ਮਦਦ ਕਰਨ ਲਈ ਇੱਕ ਮਾਰਗ-ਦਰਸ਼ਕਾ ਵਜੋਂ ਕੰਮ ਕਰਦਾ ਹੈ:

> **ਸਾਡੇ ਮੁੱਲਾਂ ਨੂੰ ਜੀਓ** – ਸਹੀ ਤਰੀਕੇ ਨਾਲ ਕਾਰੋਬਾਰ ਕਰਕੇ ਅਸੀਂ ਆਪਣੇ ਹਿੱਸੇਦਾਰਾਂ ਨਾਲ ਸਾਡੇ ਵੱਲੋਂ ਬਣਾਏ ਗਏ ਭਰੋਸੇ ਨੂੰ ਬਰਕਰਾਰ ਰੱਖਦੇ ਹਾਂ।

> **ਕਾਨੂੰਨ ਦੀ ਪਾਲਣਾ ਕਰੋ** – ਸਾਡੇ ਜ਼ਾਬਤੇ ਵਿਚਲਾ ਨਿਰਦੇਸ਼ਨ, ਉਹਨਾਂ ਦੇਸ਼ਾਂ ਵਿੱਚ ਸਾਨੂੰ ਢੁੱਕਵੇਂ ਕਾਨੂੰਨਾਂ ਅਤੇ ਵਿਧਾਨਾਂ ਦੀ ਪਾਲਣਾ ਕਰਕੇ ਕੰਮ ਕਰਨ ਵਿੱਚ ਮਦਦ ਕਰਦਾ ਹੈ, ਜਿਨ੍ਹਾਂ ਵਿੱਚ ਅਸੀਂ ਕਾਰੋਬਾਰ ਕਰਦੇ ਹਾਂ। ਜਿੱਥੇ ਜ਼ਾਬਤੇ ਅਤੇ ਕਾਨੂੰਨਾਂ ਜਾਂ ਵਿਧਾਨਾਂ ਵਿਚਕਾਰ ਵੱਖਰੇਵੇਂ ਮੌਜੂਦ ਹੁੰਦੇ ਹਨ, ਸਾਨੂੰ ਉਸੇ ਨੂੰ ਲਾਗੂ ਕਰਨਾ ਚਾਹੀਦਾ ਹੈ ਜੋ ਵਿਹਾਰ ਦੇ ਉੱਚਤਮ ਮਿਆਰਾਂ ਨੂੰ ਸਥਾਪਤ ਕਰਦਾ ਹੈ।

> **ਨੈਤਿਕ ਫ਼ੈਸਲੇ ਲੈਣਾ** –ਕਈ ਵਾਰ ਸਹੀ ਕੰਮ ਕਰਨਾ ਸਪਸ਼ਟ ਨਹੀਂ ਹੁੰਦਾ ਅਤੇ ਆਮ ਸਮਝ ਅਤੇ ਚੰਗੇ ਨਿਰਣੇ ਦਾ ਕੋਈ ਬਦਲ ਨਹੀਂ ਹੁੰਦਾ, ਜ਼ਾਬਤਾ ਸਾਨੂੰ ਨਿਯਮ ਅਤੇ ਨੀਤੀਆਂ ਨੂੰ ਸਮਝਣ ਵਿੱਚ ਮਦਦ ਕਰਦਾ ਹੈ ਅਤੇ ਦਿਸ਼ਾ ਦਿੰਦਾ ਹੈ ਕਿ ਲੋੜ ਪੈਣ 'ਤੇ ਹੋਰ ਵੇਰਵੇ ਕਿੱਥੋਂ ਲੱਭਣੇ ਹਨ।

## ਜ਼ਾਬਤਾ ਕਿਸ ਉੱਤੇ ਲਾਗੂ ਹੁੰਦਾ ਹੈ?

ਜ਼ਾਬਤਾ ਉਹਨਾਂ ਸਾਰਿਆਂ ਲਈ ਲਾਗੂ ਹੁੰਦਾ ਹੈ ਜੋ Kerry ਸਮੂਹ ਲਈ ਕੰਮ ਕਰਦੇ ਹਨ। ਇਸ ਵਿੱਚ ਸਾਰੇ ਕਰਮਚਾਰੀ, ਅਧਿਕਾਰੀ ਅਤੇ ਕੰਪਨੀ ਦੇ ਕਾਰਜਕਾਰੀ ਜਾਂ ਗੈਰ-ਕਾਰਜਕਾਰੀ ਨਿਰਦੇਸ਼ਕ ਸ਼ਾਮਲ ਹੁੰਦੇ ਹਨ।

ਇੱਕ ਭਰੋਸੇਯੋਗ ਕਾਰੋਬਾਰ ਵਜੋਂ ਸਮੂਹ ਦੀ ਸਾਖ਼ ਨੂੰ ਸੁਰੱਖਿਅਤ ਰੱਖਣ ਦੀ ਜ਼ਿੰਮੇਵਾਰੀ ਸਾਡੇ ਸਾਰਿਆਂ ਉੱਤੇ ਹੈ। ਤੁਹਾਡੇ ਤੋਂ ਨਿੱਜੀ ਇਮਾਨਦਾਰੀ ਪ੍ਰਦਰਸ਼ਿਤ ਕਰਨ, ਮੁੱਲਾਂ ਵਿੱਚ ਜਿਉਣ ਅਤੇ ਵਿਹਾਰਾਂ ਦੇ ਮਾਡਲ ਬਣਨ ਦੀ ਉਮੀਦ ਕੀਤੀ ਜਾਂਦੀ ਹੈ, ਜੋ ਸਾਡੇ ਕੰਮ ਦੀ ਪੁਸ਼ਟੀ ਕਰਦੇ ਹਨ। ਖ਼ਾਸ ਤੌਰ 'ਤੇ, ਹਰੇਕ ਕਰਮਚਾਰੀ ਲਈ ਜ਼ਾਬਤੇ ਅਤੇ ਇਸੇ ਤਰ੍ਹਾਂ ਸਾਰੀਆਂ ਲਾਗੂ ਹੋਣ ਯੋਗ ਨੀਤੀਆਂ, ਪ੍ਰਕਿਰਿਆਵਾਂ, ਕਾਨੂੰਨਾਂ, ਵਿਧਾਨਾਂ ਅਤੇ ਮਿਆਰਾਂ ਦੀ ਪਾਲਣਾ ਕਰਨਾ ਲੋੜੀਂਦਾ ਹੈ। ਅਜਿਹਾ ਕਰਨ ਤੋਂ ਅਸਫ਼ਲ ਰਹਿਣ ਦੇ ਨਤੀਜੇ ਵਜੋਂ ਤੁਹਾਡੀ ਸਾਖ਼ ਨੂੰ ਨੁਕਸਾਨ ਜਾਂ Kerry ਸਮੂਹ ਨੂੰ ਵਿੱਤੀ ਘਾਟਾ ਹੋ ਸਕਦਾ ਹੈ ਅਤੇ ਤੁਹਾਡੇ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਜਾ ਸਕਦੀ ਹੈ, ਜਿਸ ਵਿੱਚ ਬਰਖ਼ਾਸਤਗੀ ਤੱਕ, ਨਾਲ ਹੀ ਸੰਭਾਵੀ ਨਾਗਰਿਕ ਅਤੇ ਅਪਰਾਧਿਕ ਜ਼ਿੰਮੇਵਾਰੀ ਵੀ ਸ਼ਾਮਲ ਹੋ ਸਕਦੀ ਹੈ।

ਇਸਦੇ ਨਾਲ, ਅਸੀਂ ਆਪਣੇ ਸਪਲਾਇਰਾਂ ਤੋਂ ਵੀ ਸਮਾਨ ਸਿਧਾਂਤਾਂ ਦੀ ਪਾਲਣਾ ਕਰਨ ਦੀ ਉਮੀਦ ਕਰਦੇ ਹਾਂ, ਜੋ ਕਿ ਸਾਡੇ ਵੱਖਰੇ ਸਪਲਾਇਰ ਆਚਾਰ ਜ਼ਾਬਤੇ ਵਿੱਚ ਦੱਸੇ ਗਏ ਹਨ। ਜਿਵੇਂ ਕਿ, ਕਾਰੋਬਾਰੀ ਭਾਈਵਾਲ ਜੋ ਸਾਡੇ ਵੱਲੋਂ ਕੰਮ ਕਰਦੇ ਹਨ, ਉਹਨਾਂ ਵੱਲੋਂ ਵੀ ਉਸੇ ਤਰ੍ਹਾਂ ਹੀ ਉੱਚ ਨੈਤਿਕ ਮਿਆਰਾਂ ਪ੍ਰਤੀ ਸਾਡੀ ਵਚਨਬੱਧਤਾ ਨੂੰ ਸਾਂਝਾ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਜੇਕਰ ਤੁਸੀਂ ਇੱਕ ਕਾਰੋਬਾਰੀ ਭਾਈਵਾਲ ਨਾਲ ਸੰਬੰਧ ਲਈ ਜ਼ਿੰਮੇਵਾਰ ਹੋ, ਤਾਂ ਤੁਹਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹਨਾਂ ਦੀਆਂ ਵਚਨਬੱਧਤਾਵਾਂ ਸਾਡੇ ਮਿਆਰਾਂ ਉੱਤੇ ਪੂਰੀਆਂ ਉਤਰਦੀਆਂ ਹੋਣ।

## ਆਗੂਆਂ ਦੀ ਭੂਮਿਕਾ

ਸਾਡਾ ਜ਼ਾਬਤਾ, ਨੀਤੀਆਂ ਅਤੇ ਮਿਆਰ ਹਰੇਕ ਉੱਤੇ ਲਾਗੂ ਹੁੰਦਾ ਹੈ, ਭਾਵੇਂ ਉਹਨਾਂ ਦੀ ਕੋਈ ਵੀ ਭੂਮਿਕਾ ਜਾਂ ਵਰਿਸ਼ਠਤਾ ਹੋਵੇ – ਪਰ ਆਗੂਆਂ ਤੋਂ ਵੀ ਰੋਲ ਮਾਡਲ ਬਣਨ ਦੀ ਉਮੀਦ ਕੀਤੀ ਜਾਂਦੀ ਹੈ। Kerry ਦੇ ਸਾਰੇ ਲੋਕ ਆਗੂਆਂ ਦੀ ਮੁੱਖ ਉਮੀਦਾਂ ਵਿੱਚੋਂ ਇੱਕ ਹੈ ਸਕਾਰਾਤਮਕ ਕਾਰਜੀ ਮਾਹੌਲ ਨੂੰ ਉਤਸ਼ਾਹਤ ਕਰਨਾ। ਸਾਰੇ ਲੋਕ ਆਗੂਆਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹਨਾਂ ਦੀ ਟੀਮ ਦੇ ਮੈਂਬਰਾਂ ਨੂੰ ਇਹ ਸਮਝਣ ਲਈ ਨਿਰਦੇਸ਼ਨ, ਸਰੋਤ ਅਤੇ ਸਿਖਲਾਈ ਮਿਲੇ ਕਿ ਉਹਨਾਂ ਤੋਂ ਕੀ ਉਮੀਦ ਕੀਤੀ ਜਾਂਦੀ ਹੈ।

### ਤੁਹਾਨੂੰ ਚਾਹੀਦਾ ਹੈ:

> ਆਪਣੇ ਮੁੱਲ ਜੀਓ ਅਤੇ ਸਹੀ ਲਈ ਖੜ੍ਹੇ ਹੋਵੋ।

> ਸਾਡੇ ਜ਼ਾਬਤੇ, ਨੀਤੀਆਂ ਅਤੇ ਮਿਆਰਾਂ ਨੂੰ ਜਾਣੋ ਅਤੇ ਯਕੀਨੀ ਬਣਾਓ ਕਿ ਤੁਹਾਡੀ ਟੀਮ ਵੀ ਅਜਿਹਾ ਕਰਦੀ ਹੋਵੇ।

> ਯਕੀਨੀ ਬਣਾਓ ਕਿ ਕਾਰੋਬਾਰੀ ਉਦੇਸ਼ਾਂ ਨੂੰ ਕਦੇ ਵੀ ਗ਼ਲਤ ਸਾਧਨਾਂ ਰਾਹੀਂ ਪ੍ਰਾਪਤ ਨਾ ਕੀਤਾ ਗਿਆ ਹੋਵੇ।

> ਆਪਣੀ ਟੀਮ ਨੂੰ ਸਹੀ ਕੰਮ ਕਰਨਾ ਸਿਖਾਓ ਅਤੇ ਸਹੀ ਵਿਹਾਰਾਂ ਨੂੰ ਉਤਸ਼ਾਹਤ ਕਰੋ।

> ਚਿੰਤਾਵਾਂ ਸਾਂਝਾ ਕਰਨ ਨੂੰ ਉਤਸ਼ਾਹਤ ਕਰੋ ਅਤੇ ਅਜਿਹਾ ਕਰਨ ਵਾਲੇ ਕਰਮਚਾਰੀਆਂ ਦਾ ਸਮਰਥਨ ਕਰੋ।

> ਯਕੀਨੀ ਬਣਾਓ ਕਿ ਚਿੰਤਾਵਾਂ ਦੀ ਰਿਪੋਰਟ ਕਰਨ ਲਈ ਕੋਈ ਪ੍ਰਤੀਕਰਮ ਨਹੀਂ ਹੈ।

> ਆਚਾਰ ਜ਼ਾਬਤੇ ਦੇ ਪਾਲਣ ਦੀ ਕਿਸੇ ਵੀ ਸੰਭਾਵਿਤ ਉਲੰਘਣਾ ਦੇ ਸੰਬੰਧ ਵਿੱਚ ਤੁਰੰਤ ਕਾਨੂੰਨੀ, ਨੈਤਿਕ ਅਤੇ ਪਾਲਣਾ ਟੀਮ ਨਾਲ ਸਲਾਹ ਕਰੋ।



### ਜਾਣਕਾਰੀ ਲਈ ਕਿੱਥੇ ਜਾਓ →

ਹਰੇਕ ਕੁੰਜੀ ਸਿਰਲੇਖ ਦੇ ਅੰਤ ਵਿੱਚ ਅਸੀਂ 'ਮਦਦ ਲਈ ਕਿੱਥੇ ਜਾਓ' ਸੈਕਸ਼ਨ ਸ਼ਾਮਲ ਕੀਤਾ ਹੈ ਜੋ ਤੁਹਾਨੂੰ ਵਧੀਕ ਉਪਯੋਗੀ ਸਰੋਤਾਂ ਅਤੇ ਸੰਪਰਕਾਂ ਵੱਲ ਨਿਰਦੇਸ਼ਿਤ ਕਰੇਗਾ। ਸਾਰੇ ਸਰੋਤ ਜਾਂ ਤਾਂ Kerry ਸਮੂਹ ਇੰਟਰਾਨੈੱਟ (MyKerry) ਉੱਤੇ ਜਾਂ Kerry ਸਮੂਹ ਕਾਰਪੋਰੇਟ ਵੈੱਬਸਾਈਟ (www.kerrygroup.com) ਉੱਤੇ ਉਪਲਬਧ ਹੁੰਦੇ ਹਨ।

# ਨੈਤਿਕ ਫ਼ੈਸਲੇ ਲੈਣਾ

## ਅਸੀਂ ਸਹੀ ਕੰਮ ਕਰਦੇ ਹਾਂ। ਹਰ ਵੇਲੇ। ਹਰ ਥਾਂ।

ਅਸੀਂ ਨਿਯਮਾਂ ਦੀ ਪਾਲਣਾ ਕਰਨ ਨੂੰ ਜਿੱਥੋਂ ਤੱਕ ਹੋ ਸਕੇ ਸਰਲ ਬਣਾਉਣ ਦੀ ਕੋਸ਼ਿਸ਼ ਕਰਦੇ ਹਾਂ ਅਤੇ ਹਾਲਾਂਕਿ ਆਚਾਰ ਜ਼ਾਬਤਾ ਕਈ ਉਹਨਾਂ ਪਰਿਸਥਿਤੀਆਂ ਨਾਲ ਨਜਿੱਠਦਾ ਹੈ ਜੋ ਤੁਹਾਡੇ ਲਈ ਕੰਮ ਉੱਤੇ ਪੈਦਾ ਹੋ ਸਕਦੀਆਂ ਹਨ, ਇਹ ਆਮ ਤੌਰ 'ਤੇ ਹਰ ਖ਼ਾਸ ਸਥਿਤੀ ਨਾਲ ਨਹੀਂ ਨਜਿੱਠ ਸਕਦਾ ਜਾਂ ਹਰ ਉਸ ਸਵਾਲ ਦਾ ਜਵਾਬ ਨਹੀਂ ਦੇਸਕਦਾ ਜੋ ਤੁਹਾਨੂੰ ਹੋ ਸਕਦੇ ਹਨ।

ਸਾਡੇ ਉਦੇਸ਼, ਦ੍ਰਿਸ਼ਟੀ ਅਤੇ ਮੁੱਲਾਂ ਦੇ ਨਾਲ-ਨਾਲ ਚੱਲ ਰਹੀ ਆਮ ਸੂਝ ਦੇ ਫ਼ੈਸਲੇ ਨੂੰ ਵਰਤਦੇ ਹੋਏ ਅਤੇ ਸਾਡੇ ਉੱਤੇ ਸਾਡੀਆਂ ਨੀਤੀਆਂ ਦੇ ਨਾਲ ਨਿਰਦੇਸ਼ਿਤ ਸਹੀ ਨਿਰਣੇ ਲੈਣ ਲਈ ਭਰੋਸਾ ਕੀਤਾ ਜਾਂਦਾ ਹੈ।

## ਜੇਕਰ ਸਹੀ ਕੰਮ ਕਰਨਾ ਸਪਸ਼ਟ ਨਹੀਂ ਹੈ ਜਾਂ ਜੇਕਰ ਤੁਸੀਂ ਦੇਖਦੇ ਹੋ ਜਾਂ ਤੁਹਾਨੂੰ ਕਿਸੇ ਅਜਿਹੀ ਚੀਜ਼ ਬਾਰੇ ਪਤਾ ਲੱਗਦਾ ਹੈ ਜੋ ਚਿੰਤਾ ਦਾ ਕਾਰਨ ਬਣਦੀ ਹੈ, ਤਾਂ ਆਪਣੇ ਆਪ ਨੂੰ ਅੱਗੇ ਦਿੱਤੇ ਪ੍ਰਸ਼ਨ ਪੁੱਛੋ:

ਕੀ ਇਹ ਕਾਨੂੰਨੀ ਹੈ? → **ਨਹੀਂ / ਪੱਕਾ ਨਹੀਂ**

ਹਾਂ ↓

ਕੀ ਇਹ Kerry ਦੇ ਮੁੱਲਾਂ, ਆਚਾਰ ਜ਼ਾਬਤੇ ਅਤੇ ਢੁੱਕਵੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ ਨਾਲ ਇਕਸਾਰ ਹੈ? → **ਨਹੀਂ / ਪੱਕਾ ਨਹੀਂ**

ਹਾਂ ↓

ਕੀ ਇਹ ਸਹੀ ਲੱਗਦਾ ਹੈ? → **ਨਹੀਂ / ਪੱਕਾ ਨਹੀਂ**

ਹਾਂ ↓

ਕੀ ਮੈਨੂੰ ਇਹ ਦੱਸਦੇ ਹੋਏ ਖੁਸ਼ੀ ਮਹਿਸੂਸ ਹੋਵੇਗੀ, ਕਿ ਮੈਂ ਆਪਣੇ ਸਹਿਯੋਗੀਆਂ, ਦੋਸਤਾਂ ਅਤੇ ਪਰਿਵਾਰ ਪ੍ਰਤੀ ਕੀ ਕੀਤਾ ਹੈ? → **ਨਹੀਂ / ਪੱਕਾ ਨਹੀਂ**

ਜੇਕਰ ਇਨ੍ਹਾਂ ਸਾਰੇ ਪ੍ਰਸ਼ਨਾਂ ਦਾ ਉੱਤਰ 'ਹਾਂ' ਹੈ, ਤਾਂ ਸ਼ਾਇਦ ਅੱਗੇ ਵੱਧਣਾ ਸਹੀ ਹੈ, ਪਰ ਜੇਕਰ ਤੁਹਾਡਾ ਕੋਈ ਸ਼ੰਕਾ ਹੈ, ਤਾਂ ਤੁਹਾਨੂੰ ਆਪਣੇ ਮੈਨੇਜਰ ਨਾਲ ਗੱਲ ਕਰਨੀ ਚਾਹੀਦੀ ਹੈ।

**ਰੁਕੋ!**
**ਸਲਾਹ ਜਾਂ ਮਾਰਗ-ਦਰਸ਼ਨ ਚਾਹੀਦਾ ਹੈ**

↓

ਜੇਕਰ ਇਨ੍ਹਾਂ ਕਿਸੇ ਵੀ ਪ੍ਰਸ਼ਨਾਂ ਦੇ ਉੱਤਰ ਨਹੀਂ, ਜਾਂ ਪੱਕਾ ਨਹੀਂ, ਹੈ, ਤਾਂ ਅੱਗੇ ਨਾ ਵਧੋ।

↓

ਕੰਮ ਕਰਨ ਤੋਂ ਪਹਿਲਾਂ ਪ੍ਰਸ਼ਨ ਪੁੱਛਣਾ ਹਮੇਸ਼ਾਂ ਵਧੀਆ ਹੁੰਦਾ ਹੈ। ਜੇਕਰ ਤੁਸੀਂ ਕਿਸੇ ਅਜਿਹੀ ਸਥਿਤੀ ਦਾ ਸਾਹਮਣਾ ਕਰਦੇ ਹੋ ਜਿਸ ਵਿੱਚ ਸਹੀ ਚੋਣ ਅਸਪਸ਼ਟ ਹੈ ਜਾਂ ਕੋਈ ਵਿਪਰੀਤ ਜਾਣਕਾਰੀ ਹੈ, ਤਾਂ ਮਾਰਗ-ਦਰਸ਼ਨ ਪ੍ਰਾਪਤ ਕਰੋ ਤਾਂ ਕਿ ਤੁਸੀਂ ਸਹੀ ਕਾਰਵਾਈ ਕਰ ਸਕੋ। ਪਤਾ ਕਰੋ ਕਿ ਮਦਦ ਜਾਂ ਸਲਾਹ ਲਈ ਕਿਸ ਨਾਲ ਗੱਲ ਕਰਨੀ ਹੈ ਅਤੇ ਪੰਨਾ 14 ਉੱਤੇ ਕਿਵੇਂ ਚਿੰਤਾ ਜ਼ਾਹਰ ਕਰਨੀ ਹੈ।



# ਸਾਨੂੰ ਸਾਰਿਆਂ ਨੂੰ ਕੁਝ ਸਥਿਤੀਆਂ ਵਿੱਚ ਮਾਰਗ-ਦਰਸ਼ਨ ਦੀ ਲੋੜ ਹੈ – ਮਦਦ ਜਾਂ ਸਮਰਥਨ ਮੰਗਣ ਤੋਂ ਕਦੇ ਨਾ ਡਰੋ।

# ਮਦਦ, ਸਲਾਹ ਅਤੇ ਚਿੰਤਾਵਾਂ ਪ੍ਰਗਟਾਉਣਾ

## ਸਹੀ ਫ਼ੈਸਲੇ ਹਮੇਸ਼ਾਂ ਸਪਸ਼ਟ ਨਹੀਂ ਹੋ ਸਕਦੇ – ਮਦਦ ਜਾਂ ਮਾਰਗ-ਦਰਸ਼ਨ ਮੰਗਣ ਤੋਂ ਕਦੇ ਨਾ ਡਰੋ। ਜਦੋਂ ਅਸੀਂ ਸਹੀ ਕੰਮ ਕਰਦੇ ਹਾਂ, ਤਾਂ ਅਸੀਂ Kerry ਸਮੂਹ ਵਿੱਚ ਵਿਸ਼ਵਾਸ ਪੈਦਾ ਕਰਦੇ ਹਾਂ ਅਤੇ ਆਪਣੇ ਆਪ ਅਤੇ ਆਪਣੇ ਸੰਗਠਨ ਦੋਹਾਂ ਨੂੰ ਸੁਰੱਖਿਅਤ ਕਰਦੇ ਹਾਂ।

ਸਾਡਾ ਸਮੁੱਚਾ ਉਦੇਸ਼ ਹਮੇਸ਼ਾਂ ਇਸ ਜ਼ਾਬਤੇ ਦੀ ਉਲੰਘਣਾ ਨੂੰ ਰੋਕਣਾ ਹੈ ਪਰ ਜੇਕਰ ਕੁਝ ਵਿਹਾਰਾਂ ਜਾਂ ਕਾਰਜ-ਪ੍ਰਣਾਲੀਆਂ ਬਾਰੇ ਤੁਹਾਨੂੰ ਅਜੇ ਵੀ ਕੋਈ ਚਿੰਤਾਵਾਂ ਜਾਂ ਸ਼ੰਕੇ ਹਨ, ਤਾਂ ਬੋਲੋ। ਸਾਡੇ ਕੋਡ, ਨੀਤੀਆਂ, ਮਿਆਰਾਂ ਜਾਂ ਲਾਗੂ ਹੋਣ ਯੋਗ ਕਾਨੂੰਨਾਂ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਉਲੰਘਣਾਵਾਂ ਜਾਂ ਸੰਭਾਵੀ ਉਲੰਘਣਾਵਾਂ ਦੀ ਰਿਪੋਰਟ ਕਰਨਾ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ। ਜੇਕਰ ਤੁਹਾਨੂੰ ਪਤਾ ਲੱਗ ਜਾਂਦਾ ਹੈ ਜਾਂ ਤੁਹਾਨੂੰ ਕੁਝ ਸੰਭਾਵੀ ਗ਼ੈਰ-ਕਾਨੂੰਨੀ, ਅਨੈਤਿਕ, ਅਸੁਰੱਖਿਅਤ ਲੱਗਦਾ ਹੈ ਜਾਂ ਸਾਡੇ ਕੋਡ ਨੀਤੀਆਂ, ਮਿਆਰਾਂ ਜਾਂ ਲਾਗੂ ਹੋਣ ਯੋਗ ਕਾਨੂੰਨਾਂ ਦੇ ਕੁਝ ਉਲਟ ਲੱਗਦਾ ਹੈ, ਤਾਂ ਅਸੀਂ ਤੁਹਾਨੂੰ ਮਾਮਲੇ ਦੀ ਤੁਰੰਤ ਰਿਪੋਰਟ ਕਰਨ ਲਈ ਪ੍ਰੇਰਿਤ ਕਰਾਂਗੇ ਤਾਂ ਕਿ ਸਮੇਂ ਸਿਰ ਜਾਂਚ ਕੀਤੀ ਜਾ ਸਕੇ ਅਤੇ ਉਚਿਤ ਕਾਰਵਾਈ ਕੀਤੀ ਜਾ ਸਕੇ।



### ਚਿੰਤਾਵਾਂ ਪ੍ਰਗਟਾਉਣ ਦੇ ਕਈ ਹੋਰ ਤਰੀਕੇ ਹਨ

ਜੇਕਰ ਤੁਸੀਂ ਕਿਸੇ ਸਮੇਂ ਵੀ ਕਾਰਵਾਈ ਦੇ ਸਹੀ ਤਰੀਕੇ ਲਈ ਯਕੀਨੀ ਨਹੀਂ ਹੋ ਜਾਂ ਉਸ ਸਮੱਸਿਆ ਦੀ ਰਿਪੋਰਟ ਕਰਨਾ ਚਾਹੁੰਦੇ ਹੋ ਜਿਸ ਬਾਰੇ ਤੁਸੀਂ ਚਿੰਤਤ ਹੋ, ਤਾਂ ਤੁਸੀਂ ਕਈ ਸਾਧਨਾਂ ਦੀ ਵਰਤੋਂ ਕਰ ਸਕਦੇ ਹੋ:

**ਵਿਕਲਪ 1**

**ਸੰਪਰਕ**

> ਤੁਹਾਡਾ Line Manager

> HR Partner

> ਨੈਤਿਕ ਅਤੇ ਪਾਲਣਾ ਟੀਮ ਦਾ ਮੈਂਬਰ (email: GlobalCompliance.KerryGroupLegal@kerry.com)

**ਵਿਕਲਪ 2**

**ਆਪਣੀ ਗੁਪਤ 'Speak up' ਸੇਵਾ ਦੀ ਵਰਤੋਂ ਕਰੋ**

> **Speak up** ਵੈੱਬਸਾਈਟ ਤੱਕ MyKerry ਉੱਤੇ "ਮੈਂ ਕਿਵੇਂ ਕਰਾਂ..." ਸੈਕਸ਼ਨ ਰਾਹੀਂ ਜਾਂ Kerry ਸਮੂਹ ਦੀ ਵੈੱਬਸਾਈਟ ਦੇ ਹੋਮ ਪੇਜ ਉੱਤੇ ਦਿੱਤੇ ਲਿੰਕ (www.kerrygroup.com) ਰਾਹੀਂ ਅਤੇ Kerry ਦੀ ਵੈੱਬਸਾਈਟ (www.kerry.com) ਰਾਹੀਂ ਪਹੁੰਚ ਕੀਤੀ ਜਾ ਸਕਦੀ ਹੈ।

> **Speak up** ਕਾਲ ਸੈਂਟਰ – ਫ੍ਰੀਫ਼ੋਨ **Speak up** ਕਾਲ ਸੈਂਟਰ ਟੈਲੀਫ਼ੋਨ ਨੰਬਰ MyKerry ਉੱਤੇ "ਮੈਂ ਕਿਵੇਂ ਕਰਾਂ..." ਸੈਕਸ਼ਨ ਵਿੱਚ ਉਪਲਬਧ ਹਨ ਅਤੇ ਇਸ ਦਸਤਾਵੇਜ਼ ਦੇ ਪੰਨਾ 46 ਉੱਤੇ **Speak up** ਕਾਲ ਸੈਂਟਰ ਨੰਬਰ ਸੈਕਸ਼ਨ ਵਿੱਚ ਉਪਲਬਧ ਹਨ।

> ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ Kerry ਸਮੂਹ **Speak up** ਨੀਤੀ ਦਾ ਹਵਾਲਾ ਦਿਓ ਜੋ MyKerry ਉੱਤੇ "ਮੈਂ ਕਿਵੇਂ ਕਰਾਂ..." ਸੈਕਸ਼ਨ ਵਿੱਚ ਉਪਲਬਧ ਹੈ।

## 'Speak Up' ਸੇਵਾ ਕੀ ਹੈ?

Speak up ਸੇਵਾ ਦੀ ਵਰਤੋਂ ਇਮਾਨਦਾਰੀ ਨਾਲ ਸੰਦੇਹੀ ਗ਼ਲਤ ਕੰਮਾਂ ਦਾ ਖ਼ੁਲਾਸਾ ਕਰਨ ਲਈ ਕੀਤੀ ਜਾ ਸਕਦੀ ਹੈ ਜਿੱਥੇ ਇਹ ਮੰਨਣ ਲਈ ਸਹੀ ਆਧਾਰ ਹੋਵੇ ਕਿ ਖ਼ੁਲਾਸਾ ਕੀਤੀ ਗਈ ਜਾਣਕਾਰੀ ਸਹੀ ਹੈ।

ਗ਼ਲਤ ਕੰਮਾ ਨੂੰ ਕਾਨੂੰਨਾਂ ਜਾਂ Kerry ਸਮੂਹ ਦੀਆਂ ਨੀਤੀਆਂ ਦੀ ਉਲੰਘਣਾ ਵਜੋਂ ਸਮਝਿਆ ਜਾਣਾ ਚਾਹੀਦਾ ਹੈ। ਉਦਾਹਰਨਾਂ ਵਿੱਚ ਸ਼ਾਮਲ ਹਨ ਸਿਹਤ ਅਤੇ ਸੁਰੱਖਿਆ ਜੋਖ਼ਮ, ਪਰੇਸ਼ਾਨੀ ਅਤੇ ਭੇਦ-ਭਾਵ।

Speak up ਸੇਵਾ ਤੁਹਾਨੂੰ ਫ਼ੋਨ ਜਾਂ ਆਨਲਾਈਨ ਰਾਹੀਂ ਖ਼ੁਲਾਸੇ ਦੀ ਰਿਪੋਰਟ ਕਰਨ ਦਿੰਦੀ ਹੈ ਅਤੇ ਸਾਰੀਆਂ ਰਿਪੋਰਟਾਂ ਨੂੰ ਗੁਪਤ ਤਰੀਕੇ ਨਾਲ ਨਜਿੱਠਿਆ ਜਾਵੇਗਾ।

ਜੇਕਰ ਤੁਹਾਨੂੰ ਉੱਪਰ ਦੱਸੇ ਵਿਸ਼ਾ-ਖੇਤਰ ਤੋਂ ਬਾਹਰ ਆਪਣੇ ਕੈਰੀਅਰ, ਪ੍ਰੋਜੈਕਟਾਂ ਜਾਂ Kerry ਸਮੂਹ ਵਿੱਚ ਕੰਮ ਕਰਦਿਆਂ ਇਸ ਸੰਬੰਧੀ ਕੋਈ ਨਿੱਜੀ ਸਵਾਲ ਹਨ, ਤਾਂ ਕਿਰਪਾ ਕਰਕੇ ਆਪਣੇ Line Manager ਜਾਂ HR Partner ਨੂੰ ਸੰਪਰਕ ਕਰੋ।

## 'Speak Up' ਸੇਵਾ ਦਾ ਪ੍ਰਬੰਧਨ ਕੌਣ ਕਰਦਾ ਹੈ?

Speak Up ਸੇਵਾ ਅਤੇ ਵੈੱਬਸਾਈਟ ਸਾਡੇ ਤਰਫ਼ੋ Kerry ਸਮੂਹ ਤੋਂ ਵੱਖ ਸੁਤੰਤਰ ਕੰਪਨੀ ਵੱਲੋਂ ਸੰਚਾਲਿਤ ਕੀਤੀ ਜਾਂਦੀ ਹੈ। ਇਹ ਸੇਵਾ ਗੁਪਤ ਆਨਲਾਈਨ ਅਤੇ ਮੁਫ਼ਤ ਫ਼ੋਨ ਕਾਲ ਸੇਵਾ ਮੁਹੱਈਆ ਕਰਦੀ ਹੈ, ਦਿਨ ਦੇ 24 ਘੰਟੇ, ਹਫ਼ਤੇ ਦੇ 7 ਦਿਨ। ਇਹ ਪੇਸ਼ੇਵਰ ਮਾਹਰਾਂ ਦਾ ਸਟਾਫ਼ ਹੈ ਅਤੇ ਸੇਵਾ 100 ਤੋਂ ਵੱਧ ਭਾਸ਼ਾਵਾਂ ਵਿੱਚ ਕੰਮ ਕਰਦੀ ਹੈ।

## 'Speak Up' ਸੇਵਾ ਰਾਹੀਂ ਚਿੰਤਾਂ ਪ੍ਰਗਟਾਉਣ ਉੱਤੇ ਕੀ ਹੁੰਦਾ ਹੈ?

ਜਾਂਚ ਲਈ ਚਿੰਤਾ ਨੂੰ ਸਾਡੀ ਨੈਤਿਕ ਅਤੇ ਪਾਲਣਾ ਟੀਮ ਵੱਲ ਅੱਗੇ ਭੇਜ ਦਿੱਤਾ ਜਾਵੇਗਾ। ਹਰੇਕ ਰਿਪੋਰਟ ਨੂੰ ਸੂਝਵਾਨ ਅਤੇ ਪੇਸ਼ੇਵਰ ਢੰਗ ਨਾਲ ਅਤੇ ਇੱਕ ਗੁਪਤ ਤਰੀਕੇ ਨਾਲ ਨਜਿੱਠਿਆ ਜਾਵੇਗਾ, ਜਿੱਥੋਂ ਤੱਕ ਸੰਭਵ ਹੋਵੇ ਅਤੇ ਸਥਾਨਕ ਕਾਨੂੰਨਾਂ ਦੁਆਰਾ ਮਨਜ਼ੂਰਸ਼ੁਦਾ ਹੋਵੇ।

ਇਸ ਗੱਲ ਦੀ ਪਰਵਾਹ ਕੀਤੇ ਬਿਨਾਂ ਕਿ ਤੁਸੀਂ ਆਪਣੀਆਂ ਚਿੰਤਾਵਾਂ ਦੀ ਰਿਪੋਰਟ ਕਰਨਾ ਕਿਵੇਂ ਚੁਣਦੇ ਹੋ, ਤੁਹਾਡੇ ਵੱਲੋਂ ਮੁਹੱਈਆ ਕੀਤੀ ਗਈ ਜਾਣਕਾਰੀ ਸਿਰਫ਼ ਉਹਨਾਂ ਨਾਲ ਹੀ ਸਾਂਝੀ ਕੀਤੀ ਜਾਵੇਗੀ ਜਿਨ੍ਹਾਂ ਨੂੰ ਜਾਣਨ ਦੀ ਲੋੜ ਹੈ ਜਾਂ ਜੋ ਸੰਪੂਰਨ ਜਾਂਚ ਨੂੰ ਪੂਰਾ ਕਰਨ ਅਤੇ ਕੋਈ ਲੋੜੀਂਦੀ ਉਪਚਾਰਕ ਕਾਰਵਾਈ ਕਰਨ ਲਈ ਜ਼ਰੂਰੀ ਹਨ।

## ਕੀ ਮੈਂ ਗੁਮਨਾਮ ਰਹਿ ਕੇ ਕੋਈ ਚਿੰਤਾ ਜ਼ਾਹਰ ਕਰ ਸਕਦਾ ਹਾਂ?

ਸੇਵਾ ਤੁਹਾਨੂੰ ਗੁਮਨਾਮ ਰਹਿਣ ਦਿੰਦੀ ਹੈ, ਜਿੱਥੇ ਤੁਹਾਡੇ ਦੇਸ਼ ਦੇ ਕਾਨੂੰਨ ਵੱਲੋਂ ਇਜਾਜ਼ਤ ਦਿੱਤੀ ਜਾਂਦੀ ਹੈ। ਹਾਲਾਂਕਿ, ਤੁਹਾਡਾ ਨਾਮ ਦੇਣ ਨਾਲ ਨੈਤਿਕ ਅਤੇ ਪਾਲਣਾ ਟੀਮ ਨੂੰ ਤੁਹਾਡੇ ਵੱਲੋਂ ਜ਼ਾਹਰ ਕੀਤੀ ਗਈ ਚਿੰਤਾ ਦੀ ਜਾਂਚ ਕਰਨ ਵਿੱਚ ਮਦਦ ਮਿਲਦੀ ਹੈ, ਕਿਉਂਕਿ ਜੇਕਰ ਸਾਡਾ ਕੋਈ ਸਵਾਲ ਹੈ ਜਾਂ ਹੋਰ ਜਾਣਕਾਰੀ ਦੀ ਲੋੜ ਹੈ, ਤਾਂ ਇਹ ਸਾਨੂੰ ਤੁਹਾਡੇ ਨਾਲ ਸੰਪਰਕ ਕਰਨ ਦੇ ਸਮਰੱਥ ਬਣਾਉਂਦੀ ਹੈ।

## ਗ਼ੈਰ-ਬਦਲੇ ਦੀ ਨੀਤੀ

ਅਸੀਂ ਜਾਣਦੇ ਹਾਂ ਕਿ ਚਿੰਤਾ ਜ਼ਾਹਰ ਕਰਨ ਲਈ ਸਾਹਸ ਦੀ ਲੋੜ ਹੁੰਦੀ ਹੈ ਅਤੇ ਕਈ ਵਾਰ ਤੁਸੀਂ ਸੰਕੋਚੀ ਵੀ ਹੁੰਦੇ ਹੋ ਕਿਉਂਕਿ ਤੁਹਾਨੂੰ ਆਪਣੇ ਸਹਿਯੋਗੀਆਂ ਤੋਂ ਪ੍ਰਤੀਕਰਮ ਦਾ ਡਰ ਹੁੰਦਾ ਹੈ। ਅਸੀਂ ਚਾਹੁੰਦੇ ਹਾਂ ਕਿ ਸਾਡੇ ਕਰਮਚਾਰੀ ਸਮਰਥਿਤ ਮਹਿਸੂਸ ਕਰਨ ਅਤੇ ਉਹਨਾਂ ਨੂੰ ਕਿਸੇ ਬਦਲੇ ਜਾਂ ਜਵਾਬੀ ਕਾਰਵਾਈ ਦਾ ਡਰ ਨਾ ਹੋਵੇ। ਅਸੀਂ ਇਹ ਯਕੀਨੀ ਬਣਾਉਣ ਲਈ ਵਚਨਬੱਧ ਹਾਂ ਕਿ ਕੋਈ ਵੀ ਕਰਮਚਾਰੀ ਜੋ ਚਿੰਤਾ ਜ਼ਾਹਰ ਕਰਦਾ ਹੈ ਕਿਸੇ ਕਿਸਮ ਦੇ ਬਦਲੇ ਜਾਂ ਜਵਾਬੀ ਕਾਰਵਾਈ ਤੋਂ ਸੁਰੱਖਿਅਤ ਹੈ। ਸਾਡੀ ਇੱਕ ਸਖ਼ਤ ਨੀਤੀ ਹੈ (Kerry ਸਮੂਹ Speak up ਨੀਤੀ) ਜੋ ਕਿਸੇ ਵੀ ਕਰਮਚਾਰੀ ਦੇ ਖ਼ਿਲਾਫ਼ ਬਦਲੇ ਜਾਂ ਜਵਾਬੀ ਕਾਰਵਾਈ ਨੂੰ ਪ੍ਰਤੀਬੰਧਿਤ ਕਰਦੀ ਹੈ ਜੋ ਚਿੰਤਾਵਾਂ ਦੀ ਰਿਪੋਰਟ ਕਰਦਾ ਹੈ ਜਾਂ ਇਮਾਨਦਾਰੀ ਨਾਲ ਜਾਂਚ ਵਿੱਚ ਮਦਦ ਕਰਦਾ ਹੈ। ਚਿੰਤਾਵਾਂ ਸੰਬੰਧੀ ਰਿਪੋਰਟ ਕਰਨ ਲਈ ਜਾਂ ਇਮਾਨਦਾਰੀ ਨਾਲ ਜਾਂਚ ਵਿੱਚ ਮਦਦ ਕਰਨ ਲਈ ਤੁਸੀਂ ਅਨੁਸ਼ਾਸਨੀ ਮਾਪਦੰਡਾਂ ਦੇ ਅਧੀਨ ਵੀ ਨਹੀਂ ਹੋਵੋਗੇ ਜਾਂ ਆਪਣੇ ਰੋਜ਼ਗਾਰ ਉੱਤੇ ਕੋਈ ਨਕਾਰਾਤਮਕ ਪ੍ਰਭਾਵ ਵੀ ਨਹੀਂ ਪਾਵੋਗੇ। ਜੇਕਰ ਤੁਸੀਂ Kerry ਸਮੂਹ ਵਿੱਚ ਕਿਸੇ ਵੱਲੋਂ ਵੀ ਕਿਸੇ ਕਿਸਮ ਦੀ ਬਦਲੇ ਜਾਂ ਜਵਾਬੀ ਕਾਰਵਾਈ ਦੇ ਅਧੀਨ ਹੁੰਦੇ ਹੋ, ਤਾਂ ਤੁਹਾਨੂੰ ਉਸੇ ਵੇਲੇ HR Partner ਜਾਂ ਨੈਤਿਕ ਅਤੇ ਪਾਲਣਾ ਟੀਮ ਜਾਂ ਗਰੁੱਪ ਲੀਗਲ ਦੇ ਵਕੀਲ ਨਾਲ ਸੰਪਰਕ ਕਰਨਾ ਚਾਹੀਦਾ ਹੈ ਕਿਉਂਕਿ ਇਹ Kerry ਸਮੂਹ ਨੀਤੀ ਦੀ ਸੰਭਾਵੀ ਉਲੰਘਣਾ ਹੈ।



# ਆਪਣੇ ਲੋਕਾਂ ਦੀ ਸੁਰੱਖਿਆ ਕਰਨਾ

ਅਸੀਂ ਇੱਕ ਅਜਿਹੇ ਮਾਹੌਲ ਨੂੰ ਉਭਾਰਨ ਲਈ ਵਚਨਬੱਧ ਹਾਂ
ਜਿੱਥੇ ਹਰ ਕੋਈ ਆਪਣੇ ਯੋਗਦਾਨ ਲਈ ਵਡਮੁੱਲਾ ਅਤੇ ਮਾਣਯੋਗ
ਮਹਿਸੂਸ ਕਰਦਾ ਹੈ ਅਤੇ ਧੌਂਸ ਅਤੇ ਪਰੇਸ਼ਾਨੀ ਤੋਂ ਮੁਕਤ ਹੂੰਦਾ ਹੈ।



# ਵਿਭਿੰਨਤਾ, ਸ਼ਮੂਲੀਅਤ ਅਤੇ ਸੰਬੰਧਿਤ

**ਅਸੀਂ ਚਾਹੁੰਦੇ ਹਾਂ ਕਿ ਸਾਡਾ ਕਾਰਜਬਲ ਉਸ ਸਮਾਜ ਨੂੰ ਪ੍ਰਤੀਬਿੰਬਤ ਕਰੇ ਜਿਸ ਵਿੱਚ ਅਸੀਂ ਕੰਮ ਕਰਦੇ ਹਾਂ ਅਤੇ ਬਿਨਾਂ ਕਿਸੇ ਭੇਦ-ਭਾਵ ਤੋਂ ਸਾਰੇ ਸਹਿਯੋਗੀਆਂ ਲਈ ਕੈਰੀਅਰ ਸੰਬੰਧੀ ਮੌਕੇ ਪ੍ਰਦਾਨ ਕਰੇ। ਸਾਡੀ ਇੱਛਾ ਇੱਕ ਉੱਚਤਮ ਸੰਮਿਲਿਤ ਕਾਰਜਸਥਾਨ ਬਣਾਉਣਾ ਹੈ ਜਿੱਥੇ ਹਰ ਕੋਈ ਆਪਣਾ ਬਿਹਤਰੀਨ ਪ੍ਰਦਰਸ਼ਨ ਕਰ ਸਕੇ, ਆਪਣੀ ਸਮੁੱਚੀ ਸਫ਼ਲਤਾ ਵਿੱਚ ਹਿੱਸਾ ਪਾ ਸਕੇ ਅਤੇ ਵਿਅਕਤੀਗਤ ਜਾਂ ਪੇਸ਼ੇਵਰ ਤੌਰ 'ਤੇ ਅੱਗੇ ਵੱਧ ਸਕੇ।**

ਅਸੀਂ ਵਿਭਿੰਨਤਾ ਨੂੰ ਪਛਾਣਦੇ ਹਾਂ ਅਤੇ ਉਸਦਾ ਜਸ਼ਨ ਮਨਾਉਂਦੇ ਹਾਂ ਅਤੇ ਇੱਕ ਅਜਿਹਾ ਸੰਮਿਲਿਤ ਵਾਤਾਵਰਨ ਸਿਰਜਦੇ ਹਾਂ ਜਿੱਥੇ ਹਰ ਕੋਈ ਮਾਣਯੋਗ, ਵੱਡਮੁੱਲਾ, ਯੋਗਦਾਨ ਕਰਨ ਲਈ ਉਤਸ਼ਾਹਤ ਮਹਿਸੂਸ ਕਰਦਾ ਹੈ ਅਤੇ ਆਤਮਵਿਸ਼ਵਾਸੀ ਮਹਿਸੂਸ ਕਰਦਾ ਹੈ ਕਿ ਉਹ Kerry ਸਮੂਹ ਨਾਲ ਸੰਬੰਧਿਤ ਹੈ।

**ਵਿਭਿੰਨਤਾ** ਹੈ, ਡਿੱਠੇ ਅਤੇ ਅਣਡਿੱਠੇ ਅੰਤਰਾਂ ਬਾਰੇ। ਇਹ ਉਹ ਹੈ ਜੋ ਸਾਨੂੰ ਹਰ ਕਿਸੇ ਨੂੰ ਖ਼ਾਸ ਬਣਾਉਂਦੀ ਹੈ।

**ਸ਼ਮੂਲੀਅਤ** ਹੈ, ਬਿਹਤਰ ਕਾਰੋਬਾਰੀ ਨਤੀਜਿਆਂ ਨੂੰ ਪ੍ਰਾਪਤ ਕਰਨ ਲਈ ਸਾਡੇ ਵੱਖਰੇਵਿਆਂ ਤੋਂ ਫ਼ਾਇਦਾ ਚੁੱਕਣ ਬਾਰੇ। ਇਹ ਇੱਕ ਵਿਹਾਰ ਅਤੇ ਕੰਮ ਕਰਨ ਦਾ ਤਰੀਕਾ ਹੈ ਜੋ ਸਾਨੂੰ ਸੁਖਾਵਾਂ ਮਹਿਸੂਸ ਕਰਵਾਉਂਦਾ ਹੈ।

**ਸੰਬੰਧਿਤ** ਹੋਣਾ ਭਾਵਨਾ ਹੈ ਸਵੀਕਾਰ ਹੋਣ ਦੀ ਅਤੇ ਤੁਸੀਂ ਜੋ ਕੁਝ ਹੋ ਉਸ ਕਰਕੇ ਤੁਹਾਡਾ ਮੁੱਲ ਪੈਣ ਦੀ। ਜਦੋਂ ਲੋਕਾਂ ਨੂੰ ਲੱਗਦਾ ਹੈ ਕਿ ਉਹ ਸੰਬੰਧਿਤ ਹਨ, ਉਹ ਪ੍ਰਫੁੱਲਿਤ ਹੁੰਦੇ ਹਨ।

**ਵਿਤਕਰਾ** ਕਿਸੇ ਵਿਅਕਤੀ ਜਾਂ ਸਮੂਹ ਲਈ ਇੱਕ ਵੱਖਰਾ ਵਤੀਰਾ ਹੈ। ਅਸੀਂ Kerry ਸਮੂਹ ਵਿੱਚ ਕਿਸੇ ਵੀ ਤਰ੍ਹਾਂ ਦੇ ਵਿਤਕਰੇ ਨੂੰ ਸਹਿਣ ਨਹੀਂ ਕਰਦੇ।

ਅਸੀਂ ਆਪਣੇ ਕਰਮਚਾਰੀਆਂ ਨੂੰ ਵਿਅਕਤੀਆਂ ਵਜੋਂ ਮੰਨਦੇ ਹਾਂ ਅਤੇ ਰੋਜ਼ਗਾਰ ਸੰਬੰਧੀ ਫ਼ੈਸਲਿਆਂ ਵਿੱਚ ਸਾਰੇ ਸੰਬੰਧਿਤ ਕਾਨੂੰਨਾਂ ਦੀ ਪਾਲਣਾ ਕਰਦੇ ਹਾਂ ਅਤੇ ਨਸਲ, ਰੰਗ, ਖੇਤਰ, ਲਿੰਗ ਪਛਾਣ ਅਤੇ ਵੇਰਵਾ, ਜਿਨਸੀ ਨਿਰਧਾਰਨ, ਉਮਰ, ਰਾਸ਼ਟਰੀ ਮੂਲ, ਅੰਗਹੀਣਤਾ, ਕੁਸ਼ਲ ਹੋਣ ਦੀ ਸਥਿਤੀ, ਵਿਆਹੇ ਹੋਣ ਦੀ ਸਥਿਤੀ, ਨਾਗਰਿਕਤਾ,ਰਾਜਨੀਤਿਕ ਵਿਸ਼ਵਾਸ ਜਾਂ ਕਿਸੇ ਹੋਰ ਸਥਿਤੀ ਦੇ ਆਧਾਰ 'ਤੇ ਵਿਸ਼ਵ-ਵਿਆਪੀ ਤੌਰ 'ਤੇ ਵਿਤਕਰਾ ਨਹੀਂ ਕਰਦੇ।

ਅਸੀਂ ਲੋਕਾਂ ਦੇ ਗਤੀਸ਼ੀਲ ਮਿਸ਼ਰਨ ਦੀ ਸ਼ਲਾਘਾ ਕਰਦੇ ਅਤੇ ਮੁੱਲ ਪਾਉਂਦੇ ਹਾਂ ਜੋ Kerry ਸਮੂਹ ਦੇ ਲਗਾਤਾਰ ਵੱਧਣ ਅਤੇ ਆਪਣੇ ਗਾਹਕਾਂ ਲਈ ਨਵੀਂ ਕਾਢ ਕੱਢਣ ਵਿੱਚ ਮਦਦ ਕਰਨ ਲਈ ਨਵੇਂ ਪਰਿਪੇਖ, ਤਜਰਬੇ ਅਤੇ ਸੋਚਵਾਨ ਅਗਵਾਈ ਨੂੰ ਲੈ ਕੇ ਆਉਂਦਾ ਹੈ। ਅਸੀਂ ਇਹ ਯਕੀਨੀ ਬਣਾਉਂਦੇ ਹਾਂ ਕਿ ਸਾਰੇ ਉਮੀਦਵਾਰਾਂ ਨਾਲ ਨਿਰਪੱਖ ਢੰਗ ਨਾਲ ਵਿਹਾਰ ਕੀਤਾ ਜਾਂਦਾ ਹੈ ਅਤੇ ਭਰਤੀ ਦੇ ਫ਼ੈਸਲੇ ਉਦੇਸ਼ਾਂ ਦੇ ਮਾਪਦੰਡ ਦੇ ਆਧਾਰ 'ਤੇ ਹੁੰਦੇ ਹਨ। ਅਸੀਂ ਨਿਰੰਤਰ ਵਿਅਕਤੀਗਤ ਅਤੇ ਪੇਸ਼ੇਵਰ ਵਿਕਾਸ ਲਈ ਨਿਰਪੱਖ ਅਤੇ ਸਮਾਨ ਮੌਕੇ ਮੁਹੱਈਆ ਕਰਦੇ ਹਾਂ ਅਤੇ Kerry ਸਮੂਹ ਨਾਲ ਆਪਣੇ ਕੈਰੀਅਰ ਇੱਛਾਵਾਂ ਨੂੰ ਪੂਰਾ ਕਰਨ ਲਈ ਆਪਣੇ ਕਰਮਚਾਰੀਆਂ ਦਾ ਚੁਸਤੀ ਨਾਲ ਸਮਰਥਨ ਕਰਦੇ ਹਾਂ।

## ਕਰਮਚਾਰੀਆਂ ਦੀਆਂ ਉਮੀਦਾਂ

> ਇੱਕ ਖੁੱਲੇ ਅਤੇ ਸਹਾਇਕ ਮਾਹੌਲ ਨੂੰ ਹੱਲਾਸ਼ੇਰੀ ਦਿਓ ਜਿੱਥੇ ਹਰ ਕੋਈ, ਹਰ ਰੋਜ਼ ਆਪਣੇ ਆਪ ਨੂੰ ਪੂਰੀ ਤਰ੍ਹਾਂ ਕੰਮ 'ਤੇ ਲਿਆ ਸਕਦਾ ਹੈ।

> Kerry ਸਮੂਹ ਲਈ ਇੱਕ ਰਾਜਦੂਤ ਵਜੋਂ ਕੰਮ ਕਰੋ, ਅਸੀਂ ਜਿਨ੍ਹਾਂ ਖੇਤਰਾਂ ਅਤੇ ਦੇਸ਼ਾਂ ਵਿੱਚ ਕੰਮ ਕਰਦੇ ਹਾਂ ਉਹਨਾਂ ਨੂੰ ਪ੍ਰਤੀਬਿੰਬਤ ਕਰਨ ਲਈ ਵੱਖ-ਵੱਖ ਹੁਨਰਾਂ ਨੂੰ ਖਿੱਚਣ ਅਤੇ ਬਣਾਏ ਰੱਖਣ ਵਿੱਚ ਮਦਦ ਕਰਨ ਲਈ।

> ਯਕੀਨੀ ਬਣਾਓ ਕਿ ਇੱਕ-ਦੂਜੇ ਦੇ ਵਿਚਾਰ ਸੁਣੇ ਜਾਂਦੇ ਹਨ ਅਤੇ ਇਹ ਕਿ ਸਾਡੀਆਂ ਟੀਮਾਂ ਵਿੱਚ ਵਿਅਕਤੀਗਤ ਵਿਚਾਰ ਅਤੇ ਪਰਿਪੇਖਾਂ ਨੂੰ ਸਮਝਿਆ ਅਤੇ ਮਹੱਤਵਪੂਰਨ ਸਮਝਿਆ ਜਾਂਦਾ ਹੈ।

**ਮਦਦ ਲਈ ਕਿੱਥੇ ਜਾਈਏ →**

ਢੁੱਕਵੀਆਂ ਨੀਤੀਆਂ / ਵਧੀਕ ਸੇਧਾਂ: ਵਿਭਿੰਨਤਾ, ਸ਼ਮੂਲੀਅਤ ਅਤੇ ਸੰਬੰਧਿਤ ਨੀਤੀ

ਸੰਪਰਕ: ਮਾਨਵੀ ਸੰਸਾਧਨ

# ਧੱਕੇਸ਼ਾਹੀ ਅਤੇ ਪਰੇਸ਼ਾਨੀ ਰੋਕਣਾ

**ਤੁਸੀਂ ਇੱਕ ਸੁਰੱਖਿਅਤ, ਪੇਸ਼ੇਵਰ ਮਾਹੌਲ ਵਿੱਚ ਕੰਮ ਕਰਨ ਦੇ ਹੱਕਦਾਰ ਹੋ ਜਿੱਥੇ ਤੁਸੀਂ ਆਪਣਾ ਬਿਹਤਰੀਨ ਪੇਸ਼ ਕਰਨ ਲਈ ਆਪਣੇ ਅਸਲ ਸਵੈ ਨੂੰ ਲੈ ਕੇ ਆਉਂਦੇ ਹੋ।** Kerry **ਦੀ ਪਰੇਸ਼ਾਨੀ, ਧੱਕੇਸ਼ਾਹੀ ਜਾਂ ਹਿੰਸਾ ਲਈ ਜ਼ੀਰੋ-ਬਰਦਾਸ਼ਤ ਨੀਤੀ ਹੈ ਜੋ ਸਾਡੇ ਕਰਮਚਾਰੀਆਂ, ਠੇਕੇਦਾਰਾਂ, ਗਾਹਕਾਂ, ਸਪਲਾਇਰਾਂ ਅਤੇ ਹੋਰ ਕਾਰੋਬਾਰੀ ਭਾਈਵਾਲਾਂ ਤੱਕ ਫੈਲੀ ਹੋਈ ਹੈ ਅਤੇ ਮੌਖਿਕ ਅਤੇ ਲਿਖਤ ਅਪਰਾਧਾਂ ਨੂੰ ਕਵਰ ਕਰਦੀ ਹੈ।**

### ਪਰੇਸ਼ਾਨੀ ਕੀ ਹੈ?

ਪਰੇਸ਼ਾਨੀ ਇੱਕ ਅਸੁਖਾਵਾਂ ਵਿਹਾਰ ਹੈ ਜੋ ਲਿੰਗ, ਨਾਗਰਿਕ ਸਥਿਤੀ, ਪਰਿਵਾਰਕ ਸਥਿਤੀ, ਨਸਲ, ਉਮਰ, ਖੇਤਰ, ਲਿੰਗ ਪਛਾਣ, ਅੰਗਹੀਣਤਾ ਜਾਂ ਕਾਨੂੰਨ ਵੱਲੋਂ ਸੁਰੱਖਿਅਤ ਕੋਈ ਹੋਰ ਸ਼੍ਰੇਣੀ ਜਿਸਦਾ ਉਦੇਸ਼ ਜਾਂ ਪ੍ਰਭਾਵ ਕਿਸੇ ਵਿਅਕਤੀ ਦੀ ਪ੍ਰਤਿਸ਼ਠਾ ਦੀ ਉਲੰਘਣਾ ਕਰਨਾ ਅਤੇ ਕਿਸੇ ਵਿਅਕਤੀ ਲਈ ਡਰਾਉਣ, ਵਿਰੋਧਮਈ ਜਾਂ ਅਪਮਾਨਜਨਕ ਮਾਹੌਲ ਸਿਰਜਣ ਦੇ ਆਧਾਰ ਉੱਤੇ ਕੀਤਾ ਜਾਂਦਾ ਹੈ।

### ਧੱਕੇਸ਼ਾਹੀ ਕੀ ਹੈ?

ਧੱਕੇਸ਼ਾਹੀ, ਅਢੁੱਕਵਾਂ ਜਾਂ ਅਸੁਖਾਵਾਂ ਵਿਹਾਰ ਹੈ, ਇਹ ਸਿੱਧਾ ਜਾਂ ਅਸਿੱਧਾ ਭਾਵੇਂ ਮੌਖਿਕ, ਸਰੀਰਕ ਜਾਂ ਕੋਈ ਹੋਰ, ਇੱਕ ਦੂਜੇ ਦੇ ਖ਼ਿਲਾਫ਼ ਇੱਕ ਜਾਂ ਵੱਧ ਵਿਅਕਤੀਆਂ ਵੱਲੋਂ ਕੀਤਾ ਗਿਆ ਵਿਹਾਰ ਹੈ, ਕੰਮ ਦੀ ਥਾਂ ਉੱਤੇ ਅਤੇ/ਜਾਂ ਰੋਜ਼ਗਾਰ ਦੇ ਕੋਰਸ ਵਿੱਚ, ਜਿਸਨੂੰ ਮੁਨਾਸਬ ਤੌਰ 'ਤੇ ਕੰਮ ਉੱਤੇ ਕਿਸੇ ਵਿਅਕਤੀ ਦੀ ਪ੍ਰਤਿਸ਼ਠਾ ਦੇ ਅਧਿਕਾਰ ਨੂੰ ਖ਼ਤਮ ਕਰਨ ਵਜੋਂ ਮੰਨਿਆ ਜਾਣਾ ਚਾਹੀਦਾ ਹੈ।

### ਪਰੇਸ਼ਾਨੀ/ਧੱਕੇਸ਼ਾਹੀ ਦੇ ਉਦਾਹਰਨ ਸ਼ਾਮਲ ਕੀਤੇ ਜਾ ਸਕਦੇ ਹਨ:

> ਦੂਸਰਿਆਂ ਉੱਤੇ ਚੀਕਣਾ, ਵਿਅੰਗ ਕਰਨਾ, ਟਿੱਚਰ ਕਰਨਾ ਜਾਂ ਬੇਇੱਜ਼ਤੀ ਕਰਨਾ।
> ਸਰੀਰਕ ਜਾਂ ਮਾਨਸਿਕ ਡਰਾਵੇ ਦੇਣਾ।
> ਧੌਂਸ ਵਾਲੀ ਨਿਗਰਾਨੀ ਕਰਨਾ ਅਤੇ ਅਣਉਚਿਤ ਅਤੇ/ਜਾਂ ਅਪਮਾਨਜਨਕ ਟਿੱਪਣੀਆਂ ਕਰਨਾ।
> ਉੱਚ ਓਹਦਿਆਂ ਉੱਤੇ ਬੈਠੇ ਅਧਿਕਾਰੀਆਂ ਵੱਲੋਂ ਅਧਿਕਾਰ ਜਾਂ ਸ਼ਕਤੀ ਦੀ ਦੁਰਵਰਤੋਂ ਕਰਨਾ।
> ਸਹਿਯੋਗੀਆਂ ਨੂੰ ਅਯੋਗ ਢੰਗ ਨਾਲ ਮੀਟਿੰਗਾਂ/ਸੰਚਾਰਾਂ ਤੋਂ ਬਾਹਰ ਰੱਖਣਾ।

### ਵਿਹਾਰ ਜੋ ਸਹਿਣ ਨਹੀਂ ਕੀਤੇ ਜਾਣਗੇ:

> ਪਰੇਸ਼ਾਨ ਕਰਨਾ, ਜਿਨਸੀ ਪਰੇਸ਼ਾਨ ਕਰਨਾ, ਧੱਕੇਸ਼ਾਹੀ ਜਾਂ ਕਿਸੇ ਲਈ ਹਿੰਸਾ ਦੀ ਧਮਕੀ ਦੇਣਾ।
> ਚਿੰਤਾ ਜ਼ਾਹਰ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਧਮਕੀ ਦੇਣਾ ਜਾਂ ਬਦਲਾ ਲੈਣਾ।
> ਧੱਕੇਸ਼ਾਹੀ ਜਾਂ ਪਰੇਸ਼ਾਨੀ ਦੇ ਝੂਠੇ ਇਲਜ਼ਾਮ ਲਗਾਉਣਾ।
> ਹਿੰਸਾ ਬਾਰੇ ਮਖੌਲ ਉਡਾਉਣਾ।
> ਕੰਪਨੀ ਦੀ ਜਾਇਦਾਦ ਜਾਂ ਕੰਪਨੀ ਦੇ ਵਾਹਨਾਂ ਵਿੱਚ ਨਿੱਜੀ ਹਥਿਆਰ ਰੱਖਣਾ।



# ਤੁਸੀਂ ਕੀ ਕਰੋਗੇ?

## ਪ੍ਰ

**ਮੈਂ ਦੇਖ ਸਕਦਾ ਹਾਂ ਕਿ ਮੇਰੇ ਇੱਕ ਸਹਿਯੋਗੀ ਨੂੰ ਹੋਰ ਟੀਮ ਮੈਂਬਰਾਂ ਵੱਲੋਂ ਚੁਣਿਆ ਜਾ ਰਿਹਾ ਹੈ। ਮੈਂ ਇਸ ਮੁੱਦੇ ਨੂੰ ਚੁੱਕਣਾ ਚਾਹੁੰਦਾ ਹਾਂ, ਪਰ ਮੈਨੂੰ ਚਿੰਤਾ ਹੈ ਕਿ ਅਗਲੀ ਵਾਰੀ ਮੇਰੀ ਹੋ ਸਕਦੀ ਹੈ। ਮੈਨੂੰ ਕੀ ਕਰਨਾ ਚਾਹੀਦਾ ਹੈ?**

→ ਤੁਹਾਨੂੰ ਹਮੇਸ਼ਾਂ ਅਣਉਚਿਤ ਜਾਂ ਅਸਵੀਕਾਰਤ ਵਿਹਾਰ ਨੂੰ ਚੁਣੌਤੀ ਦੇਣੀ ਚਾਹੀਦੀ ਹੈ। ਆਪਣੇ Line Manager ਜਾਂ ਸਥਾਨਕ HR ਟੀਮ ਨਾਲ ਗੱਲ ਕਰੋ। ਜੇਕਰ ਅਜਿਹੀ ਕਰਦੇ ਹੋਏ ਤੁਸੀਂ ਸੁਖਾਵਾਂ ਮਹਿਸੂਸ ਨਹੀਂ ਕਰਦੇ ਤਾਂ Speak Up ਰਿਪੋਰਟਿੰਗ ਸੇਵਾ ਦੀ ਵਰਤੋਂ ਕਰੋ।

**ਇੱਕ ਸਹਿਯੋਗੀ ਸਪਸ਼ਟ ਰੂਪ ਵਿੱਚ ਦੂਸਰੀ ਟੀਮ ਦੇ ਹੋਰ ਸਹਿਯੋਗੀਆਂ ਵੱਲੋਂ ਜਿਨਸੀ ਪ੍ਰਕਿਰਤੀ ਵਾਲੇ ਚੁੱਟਕਲੇ ਸੁਣਾਏ ਜਾਣ ਕਰਕੇ ਪਰੇਸ਼ਾਨ ਹੈ। ਉਹ ਮੈਨੂੰ ਪਰੇਸ਼ਾਨ ਨਹੀਂ ਕਰਦੇ, ਪਰ ਫਿਰ ਵੀ ਕੀ ਮੈਨੂੰ ਕੁਝ ਕਹਿਣਾ ਚਾਹੀਦਾ ਹੈ?**

→ ਜਿਨਸੀ ਪ੍ਰਕਿਰਤੀ ਵਾਲੇ ਚੁੱਟਕਲੇ ਸਾਰੇ ਕਰਮਚਾਰੀਆਂ ਲਈ ਅਪਰਾਧ ਜਾਂ ਸ਼ਰਮਿੰਦਗੀ ਦਾ ਕਾਰਨ ਬਣ ਸਕਦੇ ਹਨ। ਆਪਣੇ ਸਹਿਯੋਗੀ ਨੂੰ ਬੋਲਣ ਲਈ ਉਤਸ਼ਾਹਤ ਕਰੋ, ਪਰ ਜੇ ਉਹ ਅਜਿਹਾ ਨਹੀਂ ਕਰਨਾ ਚਾਹੁੰਦਾ, ਤਾਂ ਆਪਣੇ ਮੈਨੇਜਰ ਜਾਂ ਮਾਨਵੀ ਸੰਸਾਧਨ ਨਾਲ ਗੱਲ ਕਰੋ ਜਾਂ Speak Up ਰਿਪੋਰਟਿੰਗ ਸੇਵਾ ਦੀ ਵਰਤੋਂ ਕਰੋ।

**ਮੇਰਾ ਮੈਨੇਜਰ ਬਹੁਤ ਹੀ ਡਰਾਉਣ ਵਾਲਾ ਹੈ ਅਤੇ ਅਕਸਰ ਚੀਕਦਾ ਹੈ, ਆਕਰਮਣ ਢੰਗ ਨਾਲ ਕੰਮ ਕਰਦਾ ਹੈ ਅਤੇ ਟੀਮ ਦੇ ਮੈਂਬਰਾਂ ਨੂੰ ਧਮਕਾਉਂਦਾ ਹੈ। ਮੇਰੇ ਸਹਿਯੋਗੀ ਅਤੇ ਮੈਂ, ਅਸੀਂ ਸਾਰੇ ਧਮਕਾਏ ਹੋਏ ਮਹਿਸੂਸ ਕਰਦੇ ਹਾਂ, ਪਰ ਪੱਕੇ ਨਹੀਂ ਹੈ ਕਿ ਕੀ ਕਰੀਏ?**

→ ਤੁਹਾਨੂੰ ਬੋਲਣਾ ਚਾਹੀਦਾ ਹੈ। ਅਸੀਂ ਧੱਕੇਸ਼ਾਹੀ ਬਰਦਾਸ਼ਤ ਨਹੀਂ ਕਰਦੇ ਹਾਂ ਅਤੇ ਮੈਨੇਜਰ ਤੋਂ ਕਰਮਚਾਰੀਆਂ ਨਾਲ ਸਤਿਕਾਰ ਨਾਲ ਪੇਸ਼ ਆਉਣ ਦੀ ਉਮੀਦ ਕਰਦੇ ਹਾਂ। ਮਾਨਵੀ ਸੰਸਾਧਨ, ਨੈਤਿਕ ਅਤੇ ਪਾਲਣਾ ਟੀਮ ਨਾਲ ਗੱਲ ਕਰੋ ਜਾਂ Speak Up ਰਿਪੋਰਟਿੰਗ ਸੇਵਾ ਦੀ ਵਰਤੋਂ ਕਰੋ।

## ਉ

**ਮਦਦ ਲਈ ਕਿੱਥੇ ਜਾਈਏ →**

ਢੁੱਕਵੀਆਂ ਨੀਤੀਆਂ / ਵਧੀਕ ਸੋਧਾਂ: ਧੱਕੇਸ਼ਾਹੀ ਅਤੇ ਪਰੇਸ਼ਾਨੀ-ਮੁਕਤ ਕਾਰਜਸਥਾਨ ਨੀਤੀ, ਹਿੰਸਾ-ਮੁਕਤ ਕਾਰਜਸਥਾਨ ਨੀਤੀ

ਸੰਪਰਕ: ਮਾਨਵੀ ਸੰਸਾਧਨ

# ਮਨੁੱਖੀ ਅਧਿਕਾਰ

## ਅਸੀਂ ਅੰਤਰਰਾਸ਼ਟਰੀ ਸਤਰ 'ਤੇ ਮਾਨਤਾ ਪ੍ਰਾਪਤ ਮਨੁੱਖੀ ਅਧਿਕਾਰਾਂ ਨੂੰ ਕਾਇਮ ਰੱਖਣ ਅਤੇ ਅੱਗੇ ਵਧਾਉਣ ਲਈ ਵਚਨਬੱਧ ਹਾਂ।

ਕਾਰੋਬਾਰ ਅਤੇ ਮਨੁੱਖੀ ਅਧਿਕਾਰਾਂ ਉੱਤੇ ਸਾਡਾ ਦ੍ਰਿਸ਼ਟੀਕੋਣ ਸੰਯੁਕਤ ਰਾਸ਼ਟਰ ਵੱਲੋਂ ਮਾਰਗ-ਦਰਸ਼ਨ ਕਰਨ ਵਾਲੇ ਸਿਧਾਂਤਾਂ ਉੱਤੇ ਆਧਾਰਿਤ ਹੈ ਅਤੇ ਸਾਡੀਆਂ ਜ਼ਰੂਰੀ ਨੀਤੀਆਂ ਬਹੁਤ ਸਾਰੀਆਂ ਸੰਧੀਆਂ ਅਤੇ ਸਿਧਾਂਤਾ ਉੱਤੇ ਆਧਾਰਿਤ ਹਨ ਜਿਨ੍ਹਾਂ ਵਿੱਚ ਸ਼ਾਮਲ ਹੈ ਕੰਮ ਉੱਤੇ ਅੰਤਰਰਾਸ਼ਟਰੀ ਮਜ਼ਦੂਰ ਸੰਗਠਨ (ILO) ਦੇ ਮੂਲਭੂਤ ਸਿਧਾਂਤਾ ਅਤੇ ਅਧਿਕਾਰਾਂ ਉੱਤੇ ਘੋਸ਼ਣਾ, ਬੱਚਿਆਂ ਦੇ ਅਧਿਕਾਰ ਅਤੇ ਕਾਰੋਬਾਰੀ ਸਿਧਾਂਤ, ਸੰਯੁਕਤ ਰਾਸ਼ਟਰ ਦੇ ਔਰਤਾਂ ਲਈ ਸਸ਼ਕਤੀਕਰਨ ਦੇ ਸਿਧਾਂਤ ਅਤੇ ਸੰਯੁਕਤ ਰਾਸ਼ਟਰ ਸਰਬਸੰਮਤੀ ਵਿੱਚ ਦੱਸੀ ਗਈ ਪਹੁੰਚ, ਜਿਸ ਉੱਤੇ ਅਸੀਂ ਦਸਤਖ਼ਤ ਕੀਤੇ ਹਨ।

ਸਾਰੇ ਕਰਮਚਾਰੀਆਂ ਦੀ ਇਹ ਡਿਊਟੀ ਬਣਦੀ ਹੈ ਕਿ ਉਹ ਮਨੁੱਖੀ ਅਧਿਕਾਰਾਂ ਦੀ ਕਦਰ ਕਰਨ ਅਤੇ ਇਹ ਯਕੀਨੀ ਬਣਾਉਣ ਕਿ ਉਹਨਾਂ ਦੇ ਕੰਮਾਂ ਤੋਂ ਦੂਸਰਿਆਂ ਦੇ ਅਧਿਕਾਰਾਂ ਦੀ ਉਲੰਘਣਾ ਨਾ ਹੋਵੇ। ਸਾਡੇ ਮਨੁੱਖੀ ਅਧਿਕਾਰਾਂ ਦੀ ਵਚਨਬੱਧਤਾ ਸਾਡੇ ਕਾਰੋਬਾਰ ਅਤੇ ਵਿਆਪਕ ਮੁੱਲ ਦੀ ਲੜੀ ਤੱਕ ਫੈਲੀ ਹੋਈ ਹੈ। ਸਾਡੇ ਸਪਲਾਇਰ ਆਚਾਰ ਜ਼ਾਬਤੇ ਰਾਹੀਂ ਅਸੀਂ ਇਨ੍ਹਾਂ ਵਚਨਬੱਧਤਾਵਾਂ ਨੂੰ ਸਪਲਾਈ ਲੜੀ ਦੇ ਭਾਈਵਾਲਾਂ ਅਤੇ ਉਹਨਾਂ ਸਾਰਿਆਂ ਤੱਕ ਵਧਾਉਂਦੇ ਹਾਂ ਜੋ Kerry ਸਮੂਹ ਨਾਲ ਕਾਰੋਬਾਰ ਕਰਨ ਦੀ ਇੱਛਾ ਰੱਖਦੇ ਹਨ। ਸਾਡੇ ਦ੍ਰਿਸ਼ਟੀਕੋਣ ਸੰਬੰਧੀ ਹੋਰ ਵਿਸਤਾਰ ਸਾਡੇ ਮਨੁੱਖੀ ਅਧਿਕਾਰ ਕਥਨ ਵਿੱਚ ਉਪਲਬਧ ਹੈ।

### ਇਸਦਾ ਕੀ ਮਤਲਬ ਹੈ?

> ਅਸੀਂ ਸਾਰਿਆਂ ਨਾਲ ਮਾਣ ਅਤੇ ਸਤਿਕਾਰ ਨਾਲ ਪੇਸ਼ ਆਉਂਦੇ ਹਾਂ ਅਤੇ ਵਿਵਿਧ ਅਤੇ ਸੰਮਿਲਿਤ ਕਾਰਜਸਥਾਨ ਨੂੰ ਅੱਗੇ ਵਧਾਉਂਦੇ ਹਾਂ।

> ਅਸੀਂ ਕਿਸੇ ਤਰ੍ਹਾਂ ਦੇ ਵੀ ਅਸਵੀਕਰਤ ਵਿਹਾਰ ਨੂੰ ਬਰਦਾਸ਼ਤ ਨਹੀਂ ਕਰਦੇ ਜਿਸ ਵਿੱਚ ਧੱਕੇਸ਼ਾਹੀ, ਪਰੇਸ਼ਾਨੀ, ਭੇਦ-ਭਾਵ ਜਾਂ ਅਪਰਾਧਕ ਵਿਹਾਰ ਸ਼ਾਮਲ ਹੈ।

> ਅਸੀਂ ਜਾਣ-ਬੁੱਝ ਕੇ ਅਜਿਹੀ ਕਾਰਜ-ਪ੍ਰਣਾਲੀਆਂ ਵਿੱਚ ਨਹੀਂ ਪੈਂਦੇ ਜੋ ਦੂਸਰਿਆਂ ਦੇ ਅਧਿਕਾਰਾਂ ਦੀ ਉਲੰਘਣਾ ਕਰਦੀਆਂ ਹੋਣ ਜਿਵੇਂ ਕਿ ਮਜ਼ਦੂਰੀ ਅਤੇ ਘੰਟਿਆਂ ਦੇ ਕਾਨੂੰਨਾਂ ਦੀ ਪਾਲਣਾ ਨਾ ਕਰਨਾ, ਬਾਲ ਜਾਂ ਜ਼ਬਰੀ ਮਜ਼ਦੂਰੀ ਦੀ ਵਰਤੋਂ ਦੀ ਇਜਾਜ਼ਤ ਦੇਣਾ ਜਾਂ ਯੂਨੀਅਨ ਵਿੱਚ ਸ਼ਾਮਲ ਹੋਣ ਜਾਂ ਨਾ ਹੋਣ ਦਾ ਸਤਿਕਾਰ ਨਾ ਕਰਨਾ।

> ਅਸੀਂ ਨਿਰਪੱਖ ਢੰਗ ਨਾਲ ਮੁਆਵਜ਼ਾ ਦਿੰਦੇ ਹਾਂ ਅਤੇ ਉਹਨਾਂ ਦੇਸ਼ਾਂ ਦੀ ਸਰਕਾਰ ਜਾਂ ਵਿਧਾਇਕਾਂ ਵੱਲੋਂ ਨਿਰਧਾਰਤ ਕੀਤੇ ਗਏ ਨਿਊਨਤਮ ਭੁਗਤਾਨ ਦਰਾਂ ਨਾਲ ਮੇਲ ਖਾਂਦੇ ਹਾਂ ਜਾਂ ਵੱਧ ਹਾਂ, ਜਿਨ੍ਹਾਂ ਵਿੱਚ ਅਸੀਂ ਕੰਮ ਕਰਦੇ ਹਾਂ।

> ਅਸੀਂ ਯਕੀਨੀ ਬਣਾਉਂਦੇ ਹਾਂ ਕਿ ਸਾਡੇ ਨਾਲ ਕੰਮ ਕਰਨ ਵਾਲਾ ਕੋਈ ਵੀ ਬਾਹਰੀ ਭਾਗੀਦਾਰ ਜਾਗਰੂਕ ਹੈ ਅਤੇ ਸਾਡੇ ਸਪਲਾਇਰ ਆਚਾਰ ਜ਼ਾਬਤੇ ਵਿੱਚ ਨਿਰਧਾਰਤ Kerry ਸਮੂਹ ਦੀਆਂ ਲੋੜਾਂ ਨੂੰ ਅਪਣਾਉਂਦਾ ਹੈ।




**ਮਦਦ ਲਈ ਕਿੱਥੇ ਜਾਈਏ →**

ਢੁੱਕਵੀਆਂ ਨੀਤੀਆਂ / ਵਧੀਕ ਸੇਧਾਂ: ਸਾਡੇ ਮਨੁੱਖੀ ਅਧਿਕਾਰ ਕਥਨ ਅਤੇ ਮਨੁੱਖੀ ਅਧਿਕਾਰ ਨੀਤੀ, ਸੰਯੁਕਤ ਰਾਸ਼ਟਰ ਵੱਲੋਂ ਮਾਰਗ-ਦਰਸ਼ਨ ਕਰਨ ਵਾਲੇ ਸਿਧਾਂਤ, ਸੰਯੁਕਤ ਰਾਸ਼ਟਰ ਵਿਸ਼ਵ ਸਰਬਸੰਮਤੀ, ਵਿਭਿੰਨਤਾ, ਸਮੂਲੀਅਤ ਅਤੇ ਸੰਬੰਧਿਤ ਨੀਤੀ, ਧੱਕੇਸ਼ਾਹੀ ਅਤੇ ਪਰੇਸ਼ਾਨੀ-ਮੁਕਤ ਕਾਰਜਸਥਾਨ ਨੀਤੀ, ਹਿੰਸਾ-ਮੁਕਤ ਕਾਰਜਸਥਾਨ ਨੀਤੀ

ਸੰਪਰਕ: ਮਾਨਵੀ ਸੰਸਾਧਨ, ਲਾਈਨ ਪ੍ਰਬੰਧ, ਸਥਿਰਤਾ ਟੀਮ

# ਇਮਾਨਦਾਰੀ ਨਾਲ ਕੰਮ ਕਰਨਾ

ਅਸੀਂ ਸਹੀ ਕੰਮ ਕਰਨ ਅਤੇ ਆਪਣੇ ਕਾਰੋਬਾਰੀ ਭਾਈਵਾਲਾਂ ਨਾਲ ਭਰੋਸੇ ਨੂੰ ਵਧਾਉਣ ਵਿੱਚ ਵਿਸ਼ਵਾਸ ਰੱਖਦੇ ਹਾਂ। ਅਸੀਂ ਜਿੱਥੇ ਵੀ ਕਾਰੋਬਾਰ ਕਰਦੇ ਹਾਂ ਅਸੀਂ ਸਾਰੇ ਲਾਗੂ ਹੋਣ ਯੋਗ ਕਾਨੂੰਨਾਂ ਦੀ ਪਾਲਣਾ ਕਰਦੇ ਹਾਂ।



# ਰਿਸ਼ਵਤਖ਼ੋਰੀ ਅਤੇ ਭ੍ਰਿਸ਼ਟਾਚਾਰ ਵਿਰੋਧੀ

**ਰਿਸ਼ਵਤ ਕੋਈ ਵੀ ਮੁੱਲਵਾਨ ਵਸਤੂ ਹੋ ਸਕਦੀ ਹੈ ਜਿਸ ਵਿੱਚ ਨਕਦ ਭੁਗਤਾਨ, ਤੋਹਫ਼ੇ, ਮਨੋਰੰਜਨ ਜਾਂ ਕਾਰੋਬਾਰੀ ਮੂੰਹ-ਮੁਲਾਹਜੇ ਸ਼ਾਮਲ ਹਨ, ਕਾਰੋਬਾਰ ਨੂੰ ਪ੍ਰਾਪਤ ਕਰਨ ਜਾਂ ਬਣਾਏ ਰੱਖਣ ਜਾਂ ਕਿਸੇ ਅਣਉਚਿਤ ਕਾਰੋਬਾਰੀ ਲਾਭ ਨੂੰ ਸੁਰੱਖਿਅਤ ਕਰਨ ਲਈ, ਕਿਸੇ ਵਿਅਕਤੀ ਦੇ ਕਾਰਜਾਂ ਜਾਂ ਫ਼ੈਸਲਿਆਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਵਾਸਤੇ ਦਿੱਤੀ ਜਾਂਦੀ ਹੈ।**

Kerry ਵਿੱਚ ਸਾਡੇ ਕੋਲ ਰਿਸ਼ਵਤਖ਼ੋਰੀ ਅਤੇ ਭ੍ਰਿਸ਼ਟਾਚਾਰ ਲਈ ਜ਼ੀਰੋ-ਬਰਦਾਸ਼ਤ ਨੀਤੀ ਹੈ। ਜਿਨ੍ਹਾਂ ਦੇਸ਼ਾਂ ਵਿੱਚ ਅਸੀਂ ਕੰਮ ਕਰਦੇ ਹਾਂ ਉਹਨਾਂ ਦੇ ਰਿਸ਼ਵਤਖ਼ੋਰੀ ਵਿਰੋਧੀ ਅਤੇ ਭ੍ਰਿਸ਼ਟਾਚਾਰ ਵਿਰੋਧੀ ਕਾਨੂੰਨਾਂ ਦੀ ਅਸੀਂ ਪਾਲਣਾ ਕਰਦੇ ਹਾਂ, ਸਿਰਫ਼ ਇਸ ਲਈ ਨਹੀਂ ਕਿ ਅਜਿਹਾ ਕਰਨਾ ਸਾਡੀ ਕਾਨੂੰਨੀ ਜ਼ਿੰਮੇਵਾਰੀ ਹੈ, ਬਲਕਿ ਇਸ ਲਈ ਵੀ ਕਿਉਂਕਿ ਅਸੀਂ ਕਾਰੋਬਾਰ ਨੂੰ ਇਮਾਨਦਾਰੀ ਅਤੇ ਨੈਤਿਕ ਤਰੀਕੇ ਨਾਲ ਕਰਨ ਲਈ ਵਚਨਬੱਧ ਹਾਂ।

ਰਿਸ਼ਵਰਖ਼ੋਰੀ ਵਿੱਚ ਪੈਣਾ ਜਾਂ ਇੱਥੋ ਤੱਕ ਕਿ ਰਿਸ਼ਵਤਖ਼ੋਰੀ ਵਿੱਚ ਰੁੱਝਿਆ ਦਿਖਾਈ ਦੇਣਾ ਵੀ, ਸਾਡੇ ਮੁੱਲਾਂ ਨਾਲ ਮੇਲ ਨਹੀਂ ਖਾਂਦਾ। ਅਜਿਹੀ ਸਰਗਰਮੀ Kerry ਦੀ ਸਾਖ਼ ਨੂੰ ਨਾ ਠੀਕ ਹੋਣ ਵਾਲਾ ਨੁਕਸਾਨ ਦੇ ਸਕਦੀ ਹੈ ਅਤੇ ਇਹ ਤੁਹਾਨੂੰ ਅਤੇ Kerry ਨੂੰ ਅਪਰਾਧਕ ਜਵਾਬਦੇਹੀ ਵਿੱਚ ਵੀ ਪਾ ਸਕਦਾ ਹੈ ਤੁਹਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਤੁਹਾਡੇ ਕਾਰਜਾਂ ਨੂੰ ਕਦੇ ਵੀ ਰਿਸ਼ਵਤਖ਼ੋਰੀ ਵਜੋਂ ਨਹੀਂ ਸਮਝਿਆ ਜਾਣਾ ਚਾਹੀਦਾ, ਖ਼ਾਸ ਕਰਕੇ ਤੋਹਫ਼ਿਆਂ, ਖ਼ਾਤਰਦਾਰੀ, ਮਨੋਰੰਜਨ, ਖ਼ਰਚੇ, ਗਾਹਕ ਦੀ ਯਾਤਰਾ, ਕਾਰੋਬਾਰੀ ਪ੍ਰੋਤਸਾਹਨ, ਖੁੱਲ੍ਹਦਿਲੀ ਵਾਲੇ ਦਾਨ ਅਤੇ ਸਪੋਂਸਰਸ਼ਿੱਪਾਂ ਵਿੱਚ।

## ਤੋਹਫ਼ੇ ਅਤੇ ਖ਼ਾਤਰਦਾਰੀ

ਤੋਹਫ਼ਿਆਂ ਦਾ ਵਟਾਂਦਰਾ ਅਤੇ ਖ਼ਾਤਰਦਾਰੀ ਕਾਰੋਬਾਰ ਵਿੱਚ ਕੋਈ ਨਵੀਂ ਗੱਲ ਨਹੀਂ ਹੈ ਅਤੇ ਇਹ ਆਭਾਰ ਜਤਾਉਣ ਅਤੇ ਗਾਹਕਾਂ ਅਤੇ ਸਪਲਾਇਰਾਂ ਨਾਲ ਸੰਬੰਧ ਬਣਾਉਣ ਦਾ ਇੱਕ ਪਰੰਪਰਕ ਤਰੀਕਾ ਹੈ। ਹਾਲਾਂਕਿ, ਤੋਹਫ਼ੇ ਅਤੇ ਖ਼ਾਤਰਦਾਰੀ ਸਮੱਸਿਆਤਮਕ ਹੋ ਸਕਦੀ ਹੈ ਜੇਕਰ ਉਹ ਅਸਲ ਜਾਂ ਕਥਿਤ ਰੁਝਾਨਾਂ ਵਿੱਚ ਟਕਰਾਅ ਪੈਦਾ ਕਰੇ ਜਾਂ ਉਂਝ ਕਿਸੇ ਕਾਰੋਬਾਰੀ ਫ਼ੈਸਲੇ ਨੂੰ ਪ੍ਰਭਾਵਿਤ ਕਰਦੀ ਦਿਖਾਈ ਦੇਵੇ।

ਇਹ ਦੱਸਣਾ ਮੁਸ਼ਕਲ ਹੋ ਸਕਦਾ ਹੈ ਕਿ ਕਦੋਂ ਇੱਕ ਤੋਹਫ਼ਾ ਸੀਮਾ ਪਾਰ ਕਰ ਜਾਂਦਾ ਹੈ ਅਤੇ ਵੱਖੋ-ਵੱਖ ਦੇਸ਼ਾਂ ਦੇ ਕਾਨੂੰਨ ਅਤੇ ਰੀਤੀ-ਰਿਵਾਜ ਵਿਆਪਕ ਤੌਰ 'ਤੇ ਵੱਖਰੇ ਹੁੰਦੇ ਹਨ। ਇੱਕ ਚੰਗਾ ਮਾਰਗ-ਦਰਸ਼ਨ ਸਿਧਾਂਤ ਸਿਰਫ਼ ਉਹ ਤੋਹਫ਼ਾ ਦੇਣਾ/ਸਵੀਕਾਰ ਕਰਨਾ ਹੈ ਜੋ ਸਧਾਰਨ ਮੁੱਲ ਦਾ ਅਤੇ ਗ਼ੈਰ-ਮਮੂਲੀ ਹੋਵੇ। ਇੱਥੇ ਕੁੱਝ ਨੁਕਤੇ ਇਹ ਪਛਾਨਣ ਵਿੱਚ ਤੁਹਾਡੀ ਮਦਦ ਕਰਦੇ ਹਨ ਕਿ ਕੋਈ ਤੋਹਫ਼ਾ ਸਵੀਕਾਰਯੋਗ ਹੈ ਜਾਂ ਨਹੀਂ।

### ਤੋਹਫ਼ੇ ਅਤੇ ਖ਼ਾਤਰਦਾਰੀ ਦੇਣ ਜਾਂ ਪ੍ਰਾਪਤ ਕਰਨ ਲਈ ਸੇਧਾਂ

> ਕਦੇ ਵੀ ਨਿੱਜੀ ਲਾਭ ਦੇ ਆਧਾਰ 'ਤੇ ਫ਼ੈਸਲਾ ਨਾ ਕਰੋ।

> ਹਮੇਸ਼ਾਂ Kerry ਦੇ ਬਿਹਤਰੀਨ ਹਿੱਤਾ ਦੇ ਆਧਾਰ 'ਤੇ ਫ਼ੈਸਲਾ ਕਰੋ।

> ਆਪਣੇ ਮੈਨੇਜਰ ਅੱਗੇ ਕਿਸੇ ਵੀ ਅਜਿਹੇ ਮਾਮਲੇ ਦਾ ਖ਼ੁਲਾਸਾ ਕਰੋ ਜੋ ਤੁਹਾਡੇ ਫ਼ੈਸਲੇ ਜਾਂ ਕਾਰਜਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ ਜਾਂ ਸਮਝਿਆ ਜਾ ਸਕਦਾ ਹੈ।

> ਕੋਈ ਵੀ ਅਜਿਹਾ ਤੋਹਫ਼ਾ ਜਾਂ ਖ਼ਾਤਰਦਾਰੀ ਨਾ ਦਿਓ ਤੇ ਨਾ ਪ੍ਰਾਪਤ ਕਰੋ ਜੋ ਹਿੱਤਾ ਵਿੱਚ ਟਕਰਾਅ ਪੈਦਾ ਕਰ ਸਕਦੀ ਹੈ ਜਾਂ ਪੈਦਾ ਕਰਦੀ ਸਮਝੀ ਜਾ ਸਕਦੀ ਹੈ।

> ਤੋਹਫ਼ਿਆਂ ਦੀ ਖਰੀਦ ਅਤੇ ਮਨੋਰੰਜਨ ਦੀਆਂ ਸਾਰੀਆਂ ਰਸੀਦਾਂ ਜਾਂ ਰਿਕਾਰਡ ਅਤੇ ਉਹਨਾਂ ਦੀ ਨੈਤਿਕ ਨੀਤੀ ਦੀ ਪਾਲਣਾ ਕਰਦੇ ਹੋਏ ਤੋਹਫ਼ੇ ਜਾਂ ਮਨੋਰੰਜਨ ਦੀ ਕਾਰੋਬਾਰੀ ਭਾਈਵਾਲ ਵੱਲੋਂ ਪ੍ਰਵਾਣਗੀ ਦੇ ਰਿਕਾਰਡ ਰੱਖੋ।

**ਮਦਦ ਲਈ ਕਿੱਥੇ ਜਾਈਏ →**

ਢੁਕਵੀਆਂ ਨੀਤੀਆਂ / ਵਧੀਕ ਸੇਧਾਂ: ਰਿਸ਼ਵਤਖ਼ੋਰੀ ਅਤੇ ਭ੍ਰਿਸ਼ਟਾਚਾਰ ਵਿਰੋਧੀ ਨੀਤੀ, ਤੋਹਫ਼ੇ ਅਤੇ ਮਨੋਰੰਜਨ ਨੀਤੀ, ਹਿੱਤਾਂ ਦੇ ਟਕਰਾਅ ਦੀ ਨੀਤੀ

ਸੰਪਰਕ: ਕਾਨੂੰਨੀ ਟੀਮ, ਨੈਤਿਕ ਅਤੇ ਪਾਲਣਾ ਟੀਮ



# ਹਿੱਤਾਂ ਦਾ ਟਕਰਾਅ

**ਹਿੱਤਾਂ ਦਾ ਟਕਰਾਅ ਉਦੋਂ ਹੁੰਦਾ ਹੈ ਜਦੋਂ ਸਾਡੇ ਨਿੱਜੀ ਜਾਂ ਕਾਰੋਬਾਰੀ ਹਿੱਤ Kerry ਦੇ ਕਾਰੋਬਾਰੀ ਹਿੱਤਾਂ ਵਿੱਚ ਕਿਸੇ ਨਾ ਕਿਸੇ ਤਰ੍ਹਾਂ ਦੀ ਦਖ਼ਲ ਦਿੰਦੇ ਹਨ ਜਾਂ ਟਕਰਾਅ ਪੈਦਾ ਕਰਦੇ ਹਨ, ਜਿਸ ਨਾਲ ਉਦੇਸ਼ਪੂਰਵਕ ਅਤੇ ਨਿਰਪੱਖ ਫ਼ੈਸਲੇ ਲੈਣਾ ਮੁਸ਼ਕਲ ਹੋ ਜਾਂਦਾ ਹੈ।**

ਸਾਨੂੰ ਉਹਨਾਂ ਸਥਿਤੀਆਂ ਤੋਂ ਬੱਚਣਾ ਚਾਹੀਦਾ ਹੈ ਜੋ ਸਾਡੇ ਨਿੱਜੀ ਹਿੱਤਾਂ ਅਤੇ Kerry ਦੇ ਹਿੱਤਾਂ ਵਿਚਕਾਰ ਟਕਰਾਅ ਪੈਦਾ ਕਰਦੀਆਂ ਹਨ ਜਾਂ ਪੈਦਾ ਕਰਦੀਆਂ ਦਿਖਾਈ ਦਿੰਦੀਆਂ ਹਨ।

ਜੇਕਰ ਤੁਹਾਨੂੰ ਲੱਗਦਾ ਹੈ ਕਿ ਕੋਈ ਸਥਿਤੀ ਹਿੱਤਾਂ ਵਿੱਚ ਟਕਰਾਅ ਦਾ ਕਾਰਨ ਬਣ ਸਕਦੀ ਹੈ, ਤਾਂ ਆਪਣੇ ਮੈਨੇਜਰ, ਮਾਨਵੀ ਸੰਸਾਧਨ ਜਾਂ Kerry ਸਮੂਹ ਦੇ ਅੰਦਰੂਨੀ ਵਕੀਲ ਨਾਲ ਗੱਲ ਕਰੋ। ਇੱਥੋਂ ਤੱਕ ਕਿ ਹਿੱਤਾਂ ਦੇ ਟਕਰਾਅ ਦੀ ਮੌਜੂਦਗੀ ਦੂਸਰਿਆਂ ਨੂੰ ਇਹ ਸੋਚਣ ਵਿੱਚ ਪਾ ਸਕਦੀ ਹੈ ਕਿ ਤੁਸੀਂ ਗ਼ਲਤ ਢੰਗ ਨਾਲ ਕੰਮ ਕਰ ਰਹੇ ਹੋ ਇਸ ਲਈ ਪਾਰਦਰਸ਼ੀ ਰਹਿ ਕੇ ਤੁਸੀਂ ਗ਼ਲਤ ਹੋਣ ਦੇ ਕਿਸੇ ਵੀ ਸ਼ੰਕੇ ਨੂੰ ਮਿਟਾ ਸਕਦੇ ਹੋ। ਬਹੁਤ ਸਾਰੇ ਮਾਮਲਿਆਂ ਵਿੱਚ, ਟਕਰਾਅ ਦਾ ਖ਼ੁਲਾਸਾ ਕਰਨਾ ਸਮੱਸਿਆ ਨੂੰ ਹੱਲ ਕਰਨ ਲਈ ਕਾਫ਼ੀ ਹੋਵੇਗਾ।

ਹਿੱਤਾ ਦੇ ਸੰਭਾਵੀ ਟਕਰਾਅ ਦੀਆਂ ਕੁਝ ਆਮ ਉਦਾਹਰਨਾਂ ਵਿੱਚ ਸ਼ਾਮਲ ਹਨ:

- Kerry ਵੱਲੋਂ ਨਿਯੁਕਤ ਰਹਿੰਦੇ ਹੋਏ ਇੱਕ ਕਰਮਚਾਰੀ, ਅਧਿਕਾਰੀ ਜਾਂ ਕਿਸੇ ਹੋਰ ਕੰਪਨੀ ਦੇ ਨਿਰਦੇਸ਼ਕ ਵਜੋਂ ਕੰਮ ਕਰਨਾ।
- Kerry ਵੱਲੋਂ ਨਿਯੁਕਤ ਰਹਿੰਦੇ ਹੋਏ Kerry ਦੇ ਇੱਕ ਪ੍ਰਤੀਯੋਗੀ, ਸਪਲਾਇਰ ਜਾਂ ਗਾਹਕ ਲਈ ਕੰਮ ਕਰਨਾ ਜਾਂ ਉਹਨਾਂ ਵੱਲੋਂ ਕੋਈ ਨਿੱਜੀ ਜਾਂ ਵਿੱਤੀ ਲਾਭ ਪ੍ਰਾਪਤ ਕਰਨਾ।
- ਪਰਿਵਾਰਕ ਦੇ ਕਿਸੇ ਮੈਂਬਰ ਨਾਲ ਜਾਂ ਪਰਿਵਾਰਕ ਮੈਂਬਰ ਦੇ ਕਾਰੋਬਾਰ ਨਾਲ Kerry ਕਾਰੋਬਾਰ ਦਾ ਸੰਚਾਲਨ ਕਰਨਾ।
- ਉਸ ਪਰਿਵਾਰ ਦੇ ਕਿਸੇ ਮੈਂਬਰ ਜਾਂ ਕਿਸੇ ਹੋਰ ਵਿਅਕਤੀ ਨੂੰ ਭਰਤੀ ਕਰਨਾ ਜਾਂ ਧਿਆਨ ਰੱਖਣਾ ਜਿਸ ਨਾਲ ਤੁਹਾਡੀ ਨਜ਼ਦੀਕੀ ਰਿਸ਼ਤੇਦਾਰੀ ਹੈ।



# ਤੁਸੀਂ ਕੀ ਕਰੋਗੇ?

## ਪ੍ਰ

## ਉ

**ਤੁਹਾਡੇ ਵਿਭਾਗ ਵਿੱਚ ਕੋਈ ਮੁਨਾਸਬ ਮੌਕਾ ਹੈ ਅਤੇ ਤੁਸੀਂ ਸੋਚਦੇ ਹੋ ਕਿ ਤੁਹਾਡੀ ਭੈਣ ਯੋਗ ਹੋਵੇਗੀ। ਆਪਣੇ ਨਜ਼ਦੀਕੀ ਪਰਿਵਾਰਕ ਰਿਸ਼ਤੇਦਾਰੀ ਕਰਕੇ ਤੁਸੀਂ ਉਸ ਬਾਰੇ ਸੁਝਾਅ ਦੇਣ ਲਈ ਚਿੰਤਤ ਹੋ।**

ਜੇਕਰ ਤੁਹਾਡੀ ਭੈਣ ਓਹਦੇ ਲਈ ਲਾਇਕ ਅਤੇ ਯੋਗ ਹੈ, ਤਾਂ ਤੁਹਾਨੂੰ ਭਰਤੀ ਮੈਨੇਜਰ ਅਤੇ ਮਾਨਵੀ ਸੰਸਾਧਨ ਅੱਗੇ ਆਪਣੇ ਸੰਬੰਧ ਦਾ ਖ਼ੁਲਾਸਾ ਕਰ ਦੇਣਾ ਚਾਹੀਦਾ ਹੈ। ਨਾਲ ਹੀ, ਤੁਹਾਨੂੰ ਨਾ ਤਾਂ ਭਰਤੀ ਪ੍ਰਕਿਰਿਆ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ ਅਤੇ ਨਾ ਹੀ ਤੁਹਾਨੂੰ ਓਹਦੇ ਦੀ ਨਿਗਰਾਨੀ ਕਰਨੀ ਚਾਹੀਦੀ ਹੈ।

**ਤੁਹਾਡਾ ਵਿਭਾਗ ਇੱਕ ਨਵੇਂ ਸਪਲਾਇਰ ਦੀ ਭਾਲ ਕਰ ਰਿਹਾ ਹੈ ਅਤੇ ਤੁਹਾਡਾ ਭਤੀਜਾ ਤੁਹਾਨੂੰ ਦੱਸਦਾ ਹੈ ਕਿ ਉਸਦੇ ਕਾਰੋਬਾਰ ਨੇ ਟੈਂਡਰ ਦਾ ਜਵਾਬ ਦਿੱਤਾ ਹੈ।**

ਤੁਹਾਨੂੰ ਆਪਣੇ ਮੈਨੇਜਰ ਨਾਲ ਇਸ ਜਾਣਕਾਰੀ ਅਤੇ ਰਿਸ਼ਤੇਦਾਰੀ ਦਾ ਜ਼ਰੂਰ ਖ਼ੁਲਾਸਾ ਕਰਨਾ ਚਾਹੀਦਾ ਹੈ ਅਤੇ ਤੁਹਾਨੂੰ ਆਪਣੇ ਆਪ ਨੂੰ ਟੈਂਡਰ ਪ੍ਰਕਿਰਿਆ ਅਤੇ ਫ਼ੈਸਲਾ ਲੈਣ ਦੀ ਪ੍ਰਕਿਰਿਆ ਤੋਂ ਬਾਹਰ ਰੱਖਣਾ ਚਾਹੀਦਾ ਹੈ।

**ਤੁਹਾਨੂੰ ਇੱਕ ਕੰਪਨੀ ਦਾ ਡਾਇਰੈਕਟਰ ਬਣਨ ਲਈ ਕਿਹਾ ਗਿਆ ਹੈ ਜੋ Kerry ਨਾਲ ਮੁਕਾਬਲਾ ਨਹੀਂ ਕਰ ਰਹੀ ਹੈ, ਪਰ ਤੁਹਾਨੂੰ ਪਤਾ ਹੈ ਕਿ ਇਸਨੂੰ ਤੁਹਾਡੇ ਆਮ ਕੰਮ ਕਰਨ ਦੀ ਘੰਟਿਆਂ ਦੌਰਾਨ ਸੰਭਾਵੀ ਤੌਰ ’ਤੇ ਸਮੇਂ ਦੀ ਲੋੜ ਹੋਵੇਗੀ।**

ਇਸ ਗ਼ਲ ਦਾ ਖ਼ਤਰਾ ਹੈ ਕਿ ਤੁਹਾਡਾ ਕਿਸੇ ਦੂਸਰੀ ਕੰਪਨੀ ਦੇ ਡਾਇਰੈਟਰ ਵਜੋਂ ਨਿਯੁਕਤ ਹੋਣਾ, ਤੁਹਾਡੀਆਂ Kerry ਪ੍ਰਤੀ ਵਚਨਬੱਧਤਾਵਾਂ ਨੂੰ ਪ੍ਰਭਾਵਿਤ ਕਰੇਗਾ ਅਤੇ ਇਸਨੂੰ ਹਿੱਤਾਂ ਦੇ ਟਕਰਾਅ ਵਜੋਂ ਦੇਖਿਆ ਜਾ ਸਕਦਾ ਹੈ। ਇਸ ਤਰ੍ਹਾਂ ਦੀ ਭੂਮਿਕਾ ਨੂੰ ਚੁਣੀਂਦਾ ਬਾਹਰੀ ਸਰਗਰਮੀ ਵਜੋਂ ਵਿਚਾਰਿਆ ਜਾਂਦਾ ਹੈ ਅਤੇ ਆਪਣੇ Line Manager ਤੋਂ ਲਿਖਤੀ ਮਨਜ਼ੂਰੀ ਨੂੰ ਸਵੀਕਿਰਤੀ ਤੋਂ ਪਹਿਲਾਂ ਸੁਰੱਖਿਅਤ ਕੀਤਾ ਜਾਣਾ ਚਾਹੀਦਾ ਹੈ।


**ਮਦਦ ਲਈ ਕਿੱਥੇ ਜਾਈਏ →**

ਢੁੱਕਵੀਆਂ ਨੀਤੀਆਂ / ਵਧੀਕ ਸੇਧਾਂ: ਹਿੱਤਾਂ ਦੇ ਟਕਰਾਅ ਦੀ ਨੀਤੀ

ਸੰਪਰਕ: ਕਾਨੂੰਨੀ ਟੀਮ, ਨੈਤਿਕ ਅਤੇ ਪਾਲਣਾ ਟੀਮ, ਮਾਨਵੀ ਸੰਸਾਧਨ

# ਨਿਰਪੱਖ ਮੁਕਾਬਲਾ

**ਅਸੀਂ ਅਜ਼ਾਦ ਅਤੇ ਨਿਰਪੱਖ ਮੁਕਾਬਲੇ ਅਤੇ ਆਪਣੇ ਪ੍ਰਮੁੱਖ ਉਤਪਾਦਾਂ ਅਤੇ ਸੇਵਾਵਾਂ ਰਾਹੀਂ ਸਫ਼ਲਤਾ ਪ੍ਰਾਪਤ ਕਰਨ ਲਈ ਵਚਨਬੱਧ ਹਾਂ ਨਾ ਕਿ ਗ਼ੈਰ-ਕਾਨੂੰਨੀ ਜਾਂ ਅਨੈਤਿਕ ਕਾਰੋਬਾਰੀ ਕਾਰਜ-ਪ੍ਰਣਾਲੀਆਂ ਰਾਹੀਂ। ਅਜ਼ਾਦ ਅਤੇ ਨਿਰਪੱਖ ਮੁਕਾਬਲੇ ਨੂੰ ਅੱਗੇ ਵਧਾਉਣ ਅਤੇ ਸੁਰੱਖਿਅਤ ਕਰਨ ਲਈ ਅਸੀਂ ਸਾਰੇ ਮੁਕਾਬਲਿਆਂ ਸੰਬੰਧੀ ਕਾਨੂੰਨਾਂ (ਕੁਝ ਦੇਸ਼ਾਂ ਵਿੱਚ ਗ਼ੈਰ-ਵਿਸ਼ਵਾਸੀ ਕਾਨੂੰਨਾਂ ਵਜੋਂ ਜਾਣੇ ਜਾਂਦੇ ਹਨ) ਦੀ ਪਾਲਣਾ ਕਰਦੇ ਹਾਂ ਅਤੇ ਜੋ ਪ੍ਰਤੀਯੋਗੀਆਂ, ਗਾਹਕਾਂ, ਸਪਲਾਇਰਾਂ, ਵਿਤਰਕਾਂ ਅਤੇ ਹੋਰ ਤੀਜੀਆਂ ਧਿਰਾਂ ਨਾਲ ਲੈਣ-ਦੇਣ ਨੂੰ ਨਿਯਮਿਤ ਕਰਦੇ ਹਨ।**

**ਇੱਕ ਕਰਮਚਾਰੀ ਵਜੋਂ, ਤੁਹਾਨੂੰ ਕਦੀ ਨਹੀਂ ਕਰਨਾ ਚਾਹੀਦਾ:**

> ਕਿਸੇ ਵੀ ਰਸਮੀ ਜਾਂ ਗ਼ੈਰ-ਰਸਮੀ ਸਮਝੌਤੇ ਵਿੱਚ ਪੈਣਾ ਜਾਂ ਕੀਮਤਾਂ ਤੈਅ ਕਰਨਾ ਜਾਂ ਹੋਰ ਕਾਰੋਬਾਰੀ ਸ਼ਰਤਾਂ ਲਈ ਪ੍ਰਤੀਯੋਗੀਆਂ ਨਾਲ ਵਿਚਾਰ-ਵਟਾਂਦਰੇ ਕਰਨਾ, ਮੰਡੀਆਂ, ਉਤਪਾਦ ਜਾਂ ਗਾਹਕ ਨਿਰਧਾਰਤ ਕਰਨਾ, ਉਤਪਾਦਨ ਸੀਮਿਤ ਕਰਨਾ, ਕਿਸੇ ਗਾਹਕ ਜਾਂ ਸਪਲਾਇਰ ਨਾਲ ਲੈਣ-ਦੇਣ ਕਰਨ ਤੋਂ ਮਨ੍ਹਾ ਕਰਨਾ ਜਾਂ ਪ੍ਰਤੀਯੋਗੀਆਂ ਨਾਲ ਕਾਰੋਬਾਰੀ ਤੌਰ 'ਤੇ ਸੰਵੇਦਨਸ਼ੀਲ ਜਾਣਕਾਰੀ (ਜਿਵੇਂ ਕਿ ਮੁੱਲ ਨਿਰਧਾਰਨ, ਕੀਮਤਾਂ, ਗੁੰਜਾਇਸ਼, ਕਾਰੋਬਾਰੀ ਸ਼ਰਤਾਂ, ਖ਼ਰੀਦੋ-ਫ਼ਰੋਖ਼ਤ ਦੀਆਂ ਯੋਜਨਾਵਾਂ) ਬਾਰੇ ਵਿਚਾਰ ਕਰਨਾ।

> ਉਹਨਾਂ ਗਾਹਕਾਂ ਜਾਂ ਵਿਤਰਕਾਂ ਨਾਲ ਸਮਝੌਤੇ ਵਿੱਚ ਸ਼ਾਮਲ ਹੋਣਾ ਜੋ ਮੁਕਾਬਲੇ ਉੱਤੇ ਰੋਕ ਲਗਾ ਸਕਦੇ ਹਨ।

> ਗਾਹਕਾਂ ਜਾਂ ਕਾਰੋਬਾਰੀ ਸਮੱਸਿਆਵਾਂ (ਜਿਵੇਂ ਕਿ ਮੁੱਲ ਨਿਰਧਾਰਨ, ਗਾਹਕਾਂ, ਵਿਕਰੀ ਜਾਂ ਮੰਡੀ ਦੀਆਂ ਸ਼ਰਤਾਂ) ਬਾਰੇ ਪ੍ਰਤੀਯੋਗੀਆਂ ਨਾਲ ਵਿਚਾਰ-ਵਟਾਂਦਰੇ ਜਾਂ ਸਮਝੌਤੇ ਕਰਨ ਲਈ ਕਾਰੋਬਾਰੀ ਸੰਗਠਨ ਦੀ ਵਰਤੋਂ ਕਰਨਾ।

Kerry ਆਪਣੀ ਗੁਪਤ ਜਾਣਕਾਰੀ ਨੂੰ ਮਹੱਤਵ ਦਿੰਦਾ ਹੈ ਅਤੇ ਉਸਦੀ ਸੁਰੱਖਿਆ ਕਰਦਾ ਹੈ ਅਤੇ ਸਾਨੂੰ ਹੋਰ ਕੰਪਨੀਆਂ ਦੀ ਗੁਪਤ ਜਾਣਕਾਰੀ ਦਾ ਵੀ ਸਤਿਕਾਰ ਕਰਨਾ ਚਾਹੀਦਾ ਹੈ। ਅਸੀਂ ਪ੍ਰਤੀਯੋਗੀ ਦੀ ਜਾਣਕਾਰੀ ਨੂੰ ਸਿਰਫ਼ ਤਾਂ ਹੀ ਇਕੱਤਰ, ਸਾਂਝਾ ਜਾਂ ਉਸਦੀ ਵਰਤੋਂ ਕਰ ਸਕਦੇ ਹਾਂ ਜੇਕਰ ਉਹ ਕਾਨੂੰਨੀ ਅਤੇ ਨੈਤਿਕ ਵਿਧੀ ਰਾਹੀਂ ਕੀਤੀ ਗਈ ਹੋਵੇ (ਜਿਵੇਂ ਕਿ ਜਨਤਕ ਤੌਰ 'ਤੇ ਉਪਲਬਧ ਜਾਣਕਾਰੀ ਜਿਵੇਂ ਕਿ ਜਨਤਕ ਫ਼ਾਈਲਿੰਗ ਅਤੇ ਖ਼ਬਰਾਂ ਦੇ ਲੇਖਾਂ ਰਾਹੀਂ ਪ੍ਰਤੀਯੋਗੀ ਦੀ ਖ਼ੁਫ਼ੀਆ ਜਾਣਕਾਰੀ)। ਜੇਕਰ ਤੀਜੀ ਧਿਰ ਨੇ ਕਾਨੂੰਨੀ ਤੌਰ 'ਤੇ ਜਾਣਕਾਰੀ ਹਾਸਲ ਕੀਤੀ ਹੈ ਅਤੇ ਉਹ ਕਾਨੂੰਨੀ ਤੌਰ 'ਤੇ ਅਜਿਹੀ ਜਾਣਕਾਰੀ ਦਾ ਖ਼ੁਲਾਸਾ ਕਰ ਸਕਦੀ ਹੈ, ਤਾਂ ਅਸੀਂ ਤੀਜੀ ਧਿਰ ਤੋਂ ਵੀ ਪ੍ਰਤੀਯੋਗੀ ਦੀ ਜਾਣਕਾਰੀ ਇਕੱਤਰ ਕਰ ਸਕਦੇ ਹਾਂ।

ਮੁਕਾਬਲੇ ਦੇ ਕਾਨੂੰਨਾਂ ਦੀ ਉਲੰਘਣਾ ਦੇ ਨਤੀਜੇ Kerry ਅਤੇ ਤੁਹਾਡੇ ਦੋਹਾਂ ਲਈ ਬਹੁਤ ਹੀ ਗੰਭੀਰ ਹੋ ਸਕਦੇ ਹਨ – ਇਸ ਨਾਲ ਤਗੜਾ ਜੁਰਮਾਨਾ ਪੈ ਸਕਦਾ ਹੈ ਅਤੇ ਇੱਥੋਂ ਤੱਕ ਕਿ ਜੇਲ ਵੀ ਹੋ ਸਕਦੀ ਹੈ।



# ਤੁਸੀਂ ਕੀ ਕਰੋਗੇ?

## ਪ੍ਰ

**ਤੁਸੀਂ ਗਾਹਕ ਨਾਲ ਇੱਕ ਮੀਟਿੰਗ ਵਿੱਚ ਹੋ ਜਦੋਂ ਉਹ ਕਹਿੰਦੇ ਹਨ ਕਿ Kerry ਨੂੰ ਹੋਰ ਪ੍ਰਤੀਯੋਗੀ ਹੋਣਾ ਚਾਹੀਦਾ ਹੈ ਅਤੇ ਉਹ ਤੁਹਾਨੂੰ ਪ੍ਰਤੀਯੋਗੀ ਦੀ ਕੀਮਤ-ਸੂਚੀ, ਕੀਮਤਾਂ ਅਤੇ ਵਿਕਰੇਤਾ ਸੂਚੀ ਦਿਖਾਉਂਦਾ ਹੈ।**

## ਉ

ਅਜਿਹੀ ਜਾਣਕਾਰੀ ਨੂੰ ਅਸਵੀਕਾਰ ਕਰੋ ਅਤੇ ਉਹਨਾਂ ਨੂੰ ਦੱਸੋ ਕਿ ਤੁਹਾਡੇ ਲਈ ਕਿਸੇ ਪ੍ਰਤੀਯੋਗੀ ਦੀ ਕਾਰੋਬਾਰੀ ਤੌਰ 'ਤੇ ਸੰਵੇਦਨਸ਼ੀਲ ਜਾਣਕਾਰੀ ਤੱਕ ਪਹੁੰਚ ਕਰਨਾ ਸਹੀ ਨਹੀਂ ਹੈ। ਫਿਰ ਤੁਹਾਨੂੰ ਉਸੇ ਵੇਲੇ ਆਪਣੇ Line Manager ਜਾਂ Kerry ਸਮੂਹ ਦੇ ਅੰਦਰੂਨੀ ਵਕੀਲ ਨੂੰ ਘਟਨਾ ਦੀ ਰਿਪੋਰਟ ਕਰਨੀ ਚਾਹੀਦੀ ਹੈ। ਤੁਸੀਂ ਜੋ ਕੁਝ ਵੀ ਦੇਖਿਆ ਹੈ ਉਸ ਉੱਤੇ ਟਿੱਪਣੀ ਨਾ ਕਰੋ ਜਾਂ Kerry ਵਿੱਚ ਕਿਸੇ ਨਾਲ ਵੀ ਅਜਿਹੇ ਵੇਰਵੇ ਦਾ ਖ਼ੁਲਾਸਾ ਨਾ ਕਰੋ।

**ਤੁਸੀਂ ਇੱਕ ਪੂਰਵਲੇ ਸਹਿਕਰਮੀ ਨੂੰ ਮਿਲੇ ਹੋ ਜੋ ਕਿਸੇ ਪ੍ਰਤੀਯੋਗੀ ਨਾਲ ਕੰਮ ਕਰਦਾ/ਕਰਦੀ ਹੈ ਅਤੇ ਉਹ ਆਪਣੀ ਕੰਪਨੀ ਦੀਆਂ ਕੀਮਤਾਂ ਬਾਰੇ ਗੱਲ ਕਰਨੀ ਸ਼ੁਰੂ ਕਰ ਦਿੰਦਾ/ਦਿੰਦੀ ਹੈ।**

ਪੂਰਵਲੇ ਸਹਿਯੋਗੀ ਨੂੰ ਦੱਸੋ ਕਿ ਕਿਸੇ ਪ੍ਰਤੀਯੋਗੀ ਦੀ ਕਾਰੋਬਾਰੀ ਤੌਰ 'ਤੇ ਸੰਵੇਦਨਸ਼ੀਲ ਜਾਣਕਾਰੀ ਬਾਰੇ ਜਾਣਨਾ ਤੁਹਾਡੇ ਲਈ ਸਹੀ ਨਹੀਂ ਹੈ ਅਤੇ ਇਹ ਤੁਹਾਡੇ ਅਤੇ Kerry ਦੋਹਾਂ ਲਈ ਗੰਭੀਰ ਅਪਰਾਧਕ ਜਾਂ ਨਾਗਰਿਕ ਦੋਸ਼ ਹੋ ਸਕਦਾ ਹੈ ਕਿਉਂਕਿ ਕੀਮਤ ਨਿਰਧਾਰਤ ਕਰਨਾ ਅਵੈਧ ਹੈ। ਤੁਰੰਤ ਆਪਣੇ Line Manager ਜਾਂ Kerry ਸਮੂਹ ਦੇ ਅੰਦਰੂਨੀ ਵਕੀਲ ਨੂੰ ਘਟਨਾ ਦੀ ਰਿਪੋਰਟ ਕਰੋ। ਜੋ ਕੁਝ ਵੀ ਕਿਹਾ ਸੀ ਉਸ ਉੱਤੇ ਟਿੱਪਣੀ ਨਾ ਕਰੋ ਜਾਂ Kerry ਉੱਤੇ ਕਿਸੇ ਨਾਲ ਵੀ ਅਜਿਹੇ ਵੇਰਵੇ ਦਾ ਖ਼ੁਲਾਸਾ ਨਾ ਕਰੋ।

**ਮਦਦ ਲਈ ਕਿੱਥੇ ਜਾਈਏ →**

ਢੁੱਕਵੀਆਂ ਨੀਤੀਆਂ / ਵਧੀਕ ਸੇਧਾਂ: ਨਿਰਪੱਖ ਮੁਕਾਬਲਾ / ਗ਼ੈਰਵਿਸ਼ਵਾਸੀ ਨੀਤੀ

ਸੰਪਰਕ: ਕਾਨੂੰਨੀ ਟੀਮ, ਨੈਤਿਕ ਅਤੇ ਪਾਲਣਾ ਟੀਮ

# ਅੰਦਰੂਨੀ ਵਪਾਰ

## ਅੰਦਰੂਨੀ ਜਾਣਕਾਰੀ ਉਹ ਜਾਣਕਾਰੀ ਹੈ ਜੋ ਕਿਸੇ ਕੰਪਨੀ ਦੇ ਸ਼ੇਅਰ ਦੀ ਕੀਮਤ ਨੂੰ ਅਰਥਪੂਰਨ ਢੰਗ ਨਾਲ ਪ੍ਰਭਾਵਿਤ ਕਰ ਸਕਦੀ ਹੈ ਅਤੇ ਆਮ ਲੋਕ ਇਸਨੂੰ ਨਹੀਂ ਜਾਣਦੇ।

ਇੱਕ ਜਨਤਕ ਤੌਰ 'ਤੇ ਕੰਮ ਕਰਨ ਵਾਲੀ ਕੰਪਨੀ ਵਜੋਂ, ਅਸੀਂ ਇਹ ਯਕੀਨੀ ਬਣਾਉਣ ਲਈ ਕਈ ਨਿਯਮਾਂ ਅਤੇ ਵਿਧਾਨਾਂ ਦੀ ਪਾਲਣਾ ਕਰਦੇ ਹਾਂ ਕਿ Kerry ਸਮੂਹ ਦੇ ਸ਼ੇਅਰਾਂ ਦਾ ਕਾਰੋਬਾਰ ਨਿਰਪੱਖ ਢੰਗ ਨਾਲ ਅਜਿਹੀ ਜਾਣਕਾਰੀ ਦੀ ਵਰਤੋਂ ਕਰਕੇ ਕੀਤਾ ਜਾ ਰਿਹਾ ਹੈ ਜੋ ਪਾਰਦਰਸ਼ੀ ਅਤੇ ਸਾਰੇ ਨਿਵੇਸ਼ਕਾਂ ਲਈ ਸਮਾਨ ਰੂਪ ਵਿੱਚ ਉਪਲਬਧ ਹੈ। ਨਤੀਜੇ ਵਜੋਂ, ਸਾਡੇ ਕੋਲ ਇਹ ਨੀਤੀ ਹੈ ਕਿ ਕਰਮਚਾਰੀਆਂ ਨੂੰ Kerry ਸਮੂਹ ਦੇ ਸ਼ੇਅਰਾਂ (ਜਾਂ ਕਿਸੇ ਵੀ ਸੂਚੀਬੱਧ ਕੰਪਨੀ ਦੇ ਸ਼ੇਅਰਾਂ) ਦਾ ਵਪਾਰ ਨਹੀਂ ਕਰਨਾ ਚਾਹੀਦਾ ਜਦੋਂ ਉਹਨਾਂ ਕੋਲ ਅੰਦਰੂਨੀ ਜਾਣਕਾਰੀ ਦਾ ਅਧਿਕਾਰ ਹੁੰਦਾ ਹੈ। ਮੁੱਖ ਭੂਮਿਕਾਵਾਂ ਵਿੱਚ ਕੰਮ ਕਰਨ ਵਾਲੇ ਕੁਝ ਕਰਮਚਾਰੀਆਂ ਨੂੰ Kerry ਸਮੂਹ ਸ਼ੇਅਰਾਂ ਨਾਲ ਕਾਰੋਬਾਰ ਕਰਨ ਤੋਂ ਪੂਰਵ-ਆਗਿਆ ਹਾਸਲ ਕਰਨ ਦੀ ਲੋੜ ਹੁੰਦੀ ਹੈ, ਭਾਵੇਂ ਉਹਨਾਂ ਕੋਲ ਅੰਦਰੂਨੀ ਜਾਣਕਾਰੀ ਦਾ ਅਧਿਕਾਰ ਹੈ ਜਾਂ ਨਹੀਂ।

ਕਰਮਚਾਰੀ ਵਜੋਂ, ਅਸੀਂ ਆਪਣੀ ਕੰਪਨੀ ਜਾਂ ਜਿਨ੍ਹਾਂ ਕੰਪਨੀਆਂ ਨਾਲ ਅਸੀਂ ਕੰਮ ਕਰਦੇ ਹਾਂ, ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ, ਜਿਸਤੋਂ ਜਨਤਾ ਜਾਣੂ ਨਹੀਂ ਹੁੰਦੀ, ਪਰ ਜੇਕਰ ਅਜਿਹਾ ਹੁੰਦਾ ਹੈ, ਤਾਂ ਇਸਦਾ ਅਰਥਪੂਰਨ ਪ੍ਰਭਾਵ Kerry ਸਮੂਹ ਦੇ ਸ਼ੇਅਰਾਂ ਦੀਆਂ ਕੀਮਤਾਂ ਜਾਂ ਹੋਰ ਸੂਚੀਬੱਧ ਕੰਪਨੀਆਂ ਦੇ ਸ਼ੇਅਰਾਂ ਦੀਆਂ ਕੀਮਤਾਂ ਉੱਤੇ ਪਵੇਗਾ। ਇਹ ਗਿਆਨ ਅੰਦਰੂਨੀ ਜਾਣਕਾਰੀ ਹੈ ਅਤੇ ਇਸ ਅੰਦਰੂਨੀ ਜਾਣਕਾਰੀ ਉੱਤੇ ਸ਼ੇਅਰਾਂ ਦਾ ਕਾਰੋਬਾਰ ਕਰਨਾ ਕਾਨੂੰਨ ਦੇ ਖ਼ਿਲਾਫ਼ ਹੈ। ਉਦਾਹਰਨ ਸ਼ਾਮਲ ਹਨ, ਪਰ ਇੱਥੋਂ ਤੱਕ ਸੀਮਿਤ ਨਹੀਂ:

> ਕੰਪਨੀ ਲਈ ਤਿਹਾਮੀ, ਅੰਤਰ ਕਾਲੀਨ ਜਾਂ ਸਾਲਾਨਾ ਨਤੀਜੇ।

> ਮੇਲਾਂ, ਪ੍ਰਾਪਤੀਆਂ, ਵਿਨਿਵੇਸ਼ਾਂ ਬਾਰੇ ਗ਼ੈਰ-ਜਨਤਕ ਜਾਣਕਾਰੀ।

> ਕਾਰਜਕਾਰੀ ਡਾਇਰੈਕਟਰਾਂ ਦੀਆਂ ਨਿਯੁਕਤੀਆਂ ਜਾਂ ਅਸਤੀਫ਼ੇ।

> ਵੱਡੇ ਠੇਕੇ ਜਿੱਤਣਾ ਜਾਂ ਹਾਰਨਾ।

> ਮਹੱਤਵਪੂਰਨ ਸੰਪੱਤੀਆਂ ਖ਼ਰੀਦਣਾ ਜਾਂ ਵੇਚਣਾ।

**ਮਦਦ ਲਈ ਕਿੱਥੇ ਜਾਈਏ →**

ਢੁੱਕਵੀਆਂ ਨੀਤੀਆਂ / ਵਧੀਕ ਸੇਧਾਂ: ਸੁਰੱਖਿਆਵਾਂ ਦੀ ਨੀਤੀ ਵਿੱਚ ਵਿਹਾਰ ਕਰਨਾ

ਸੰਪਰਕ: ਕੰਪਨੀ ਸੈਕਟਰੀ, ਸਮੂਹ ਵਿੱਤੀ ਨਿਯੰਤ੍ਰਕ, ਨਿਵੇਸ਼ਕਾਰ ਦੇ ਸੰਬੰਧ

**ਇਸਨੂੰ ਧਿਆਨ ਨਾਲ ਚਲਾਓ – ਜੇਕਰ ਤੁਸੀਂ ਕਿਸੇ ਸ਼ੰਕੇ ਵਿੱਚ ਹੋ, ਤਾਂ Kerry ਸ਼ੇਅਰਾਂ ਦਾ ਕਾਰੋਬਾਰ ਨਾ ਕਰੋ।**

ਜਦੋਂ ਕਰਮਚਾਰੀਆਂ ਕੋਲ ਅੰਦਰੂਨੀ ਜਾਣਕਾਰੀ ਦਾ ਅਧਿਕਾਰ ਹੋਵੇ ਤਾਂ ਉਹਨਾਂ ਨੂੰ Kerry ਸਮੂਹ ਦੇ ਸ਼ੇਅਰਾਂ ਦਾ ਨਾ ਤਾਂ ਕਾਰੋਬਾਰ ਕਰਨਾ ਚਾਹੀਦਾ ਹੈ ਅਤੇ ਨਾ ਹੀ ਦੂਸਰਿਆਂ ਨੂੰ ਕਾਰੋਬਾਰ ਕਰਨ ਲਈ ਉਤਸ਼ਾਹਤ ਕਰਨਾ ਚਾਹੀਦਾ ਹੈ।

ਕਰਮਚਾਰੀਆਂ ਨੂੰ Kerry ਸਮੂਹ ਬਾਰੇ ਕਿਸੇ ਗੁਪਤ ਜਾਣਕਾਰੀ (ਕਿਸੇ ਅੰਦਰੂਨੀ ਜਾਣਕਾਰੀ ਸਮੇਤ) ਬਾਰੇ ਤੀਜੀ ਧਿਰ ਅੱਗੇ ਖ਼ੁਲਾਸਾ ਨਹੀਂ ਕਰਨਾ ਚਾਹੀਦਾ ਸਿਵਾਏ ਉੱਥੇ ਜਿੱਥੇ ਰੋਜ਼ਗਾਰ ਜਾਂ ਜ਼ਿੰਮੇਵਾਰੀ ਕਰਕੇ ਉਹਨਾਂ ਨੂੰ ਅਜਿਹਾ ਕਰਨਾ ਲੋੜੀਂਦਾ ਹੋਵੇ।

ਉਹ ਕਰਮਚਾਰੀ ਜੋ ਪੂਰਵ-ਆਗਿਆ ਦੀਆਂ ਲੋੜਾਂ ਦੇ ਅਧੀਨ ਹੁੰਦੇ ਹਨ ਉਹਨਾਂ ਨੂੰ ਉਦੋਂ ਤੱਕ Kerry ਦੇ ਸ਼ੇਅਰਾਂ ਨਾਲ ਕਾਰੋਬਾਰ ਨਹੀਂ ਕਰਨਾ ਚਾਹੀਦਾ ਜਦੋਂ ਤੱਕ ਉਹ ਲੋੜੀਂਦੀ ਪੂਰਵ-ਆਗਿਆ ਹਾਸਲ ਨਹੀਂ ਕਰ ਲੈਂਦੇ।

ਜੇਕਰ ਇਸ ਨੀਤੀ ਬਾਰੇ ਤੁਹਾਡੇ ਕੋਈ ਸਵਾਲ ਹਨ, ਜਾਂ ਜੇਕਰ ਤੁਹਾਨੂੰ ਪੱਕਾ ਨਹੀਂ ਹੈ ਕਿ ਤੁਸੀਂ ਨਿਸ਼ਚਿਤ ਸਮੇਂ 'ਤੇ Kerry ਸਮੂਹ ਦੇ ਸ਼ੇਅਰਾਂ ਨਾਲ ਕਾਰੋਬਾਰ ਕਰ ਸਕਦੇ ਹੋ ਜਾਂ ਨਹੀਂ, ਆਪਣੀ ਪੁੱਛ-ਗਿੱਛ ਲਈ ਕੰਪਨੀ ਸੈਕਟਰੀ ਨਾਲ ਸੰਪਰਕ ਕਰੋ।



# ਮਨਜ਼ੂਰੀਆਂ ਅਤੇ ਵਪਾਰ ਨਿਯੰਤ੍ਰਣ




**ਵਪਾਰ ਨਿਯੰਤ੍ਰਣ ਵਰਜਿਤ ਅਤੇ ਹਾਨੀਕਾਰਕ ਚੀਜ਼ਾਂ ਜਿਵੇਂ ਨਸ਼ੇ, ਬਿਨਾਂ ਲਸੰਸ ਵਾਲੇ ਹਥਿਆਰ, ਨਕਲੀ ਫ਼ਾਰਮਾਸਿਊਟੀਕਲਸ, ਲੁਪਤ ਹੋਣ ਵਾਲੇ ਜਾਨਵਰਾਂ ਦੀਆਂ ਪ੍ਰਜਾਤੀਆਂ ਅਤੇ ਚੋਰੀ ਵਾਲੇ ਉਤਪਾਦਾਂ ਵਿੱਚ ਵਪਾਰ ਕਰਨ ਤੋਂ ਰੋਕਦਾ ਹੈ।**

ਵਿਸ਼ਵ-ਵਿਆਪੀ ਕਾਰੋਬਾਰ ਹੋਣ ਕਰਕੇ ਅਸੀਂ ਆਪਣੇ ਹਰ ਦਿਨ ਦੀ ਸੰਚਾਲਨ ਦੇ ਹਿੱਸੇ ਵਜੋਂ ਅੰਤਰਰਾਸ਼ਟਰੀ ਸੀਮਾਵਾਂ ਦੇ ਪਾਰ ਮਾਲ (ਸਮੱਗਰੀਆਂ, ਤਿਆਰ ਉਤਪਾਦ, ਉਪਕਰਨ ਆਦਿ) ਲੈ ਜਾਂਦੇ ਹਾਂ, ਅਤੇ ਅਸੀਂ ਵਪਾਰ ਨਿਯੰਤ੍ਰਣ ਸਮੇਤ ਸਾਰੇ ਕਾਨੂੰਨਾਂ ਅਤੇ ਵਿਧਾਨਾਂ ਦੀ ਪਾਲਣਾ ਕਰਦੇ ਹਾਂ।

**ਮਦਦ ਲਈ ਕਿੱਥੇ ਜਾਈਏ →**

ਢੁੱਕਵੀਆਂ ਨੀਤੀਆਂ / ਵਧੀਕ ਸੇਧਾਂ: ਮਨਜ਼ੂਰੀਆਂ ਅਤੇ ਵਪਾਰ ਨਿਯੰਤ੍ਰਣ ਨੀਤੀ

ਸੰਪਰਕ: ਕਾਨੂੰਨੀ ਟੀਮ, ਦੇਸ਼ ਦੀ ਵਿੱਤੀ ਪਾਲਣਾ ਟੀਮ

ਅਸੀਂ ਅੰਤਰਰਾਸ਼ਟਰੀ ਆਰਥਕ ਮਨਜ਼ੂਰੀਆਂ ਅਤੇ ਕਾਰੋਬਾਰ ਦੀਆਂ ਮਨਾਹੀਆਂ ਦੀ ਵੀ ਪਾਲਣਾ ਕਰਦੇ ਹਾਂ ਜੋ ਮਾਨਤਾ ਪ੍ਰਾਪਤ ਅਧਿਕਾਰੀਆਂ ਵੱਲੋਂ ਸਥਾਪਤ ਕੀਤੀਆਂ ਗਈਆਂ ਹਨ। ਮਨਜ਼ੂਰੀਆਂ ਕਈ ਰੂਪਾਂ ਵਿੱਚ ਹੋ ਸਕਦੀਆਂ ਹਨ, ਜਿਸ ਵਿੱਚ ਵਿੱਤੀ ਮਨਜ਼ੂਰੀ, ਸੰਪੱਤੀ ਫ੍ਰੀਜ਼, ਯਾਤਰਾ ਪਾਬੰਦੀਆਂ ਅਤੇ ਆਯਾਤ/ਨਿਰਯਾਤ ਪਾਬੰਦੀਆਂ ਸ਼ਾਮਲ ਹਨ – ਇਹ ਲਗਾਤਾਰ ਅਤੇ ਛੋਟੇ ਨੋਟਿਸ ਉੱਤੇ ਬਦਲੀਆਂ ਜਾ ਸਕਦੀਆਂ ਹਨ।

## ਇਸਦਾ ਕੀ ਮਤਲਬ ਹੈ?

- → Kerry ਕਦੇ ਵੀ ਵਿਅਕਤੀਆਂ, ਹਸਤੀਆਂ, ਸਰਕਾਰਾਂ ਜਾਂ ਰਾਜਾਂ ਨਾਲ ਸਿੱਧੇ ਜਾਂ ਅਸਿੱਧੇ ਤੌਰ 'ਤੇ ਕਾਰੋਬਾਰ ਨਹੀਂ ਕਰਦਾ ਜੇਕਰ ਅਜਿਹਾ ਕਰਦਾ ਹੈ ਤਾਂ ਮੌਜੂਦਾ ਮਨਜ਼ੂਰੀਆਂ ਦਾ ਸਤਿਕਾਰ ਕਰਨ ਵਿੱਚ ਅਸਫ਼ਲ ਰਹਿੰਦਾ ਹੈ।
- → ਇਹ ਬਹੁਤ ਜ਼ਿਆਦਾ ਮਹੱਤਵਪੂਰਨ ਹੈ ਕਿ ਅਸੀਂ ਆਪਣੇ ਗਾਹਕਾਂ, ਵਿਕਰੇਤਾਵਾਂ ਅਤੇ ਹੋਰ ਕਾਰੋਬਾਰੀ ਭਾਈਵਾਲਾਂ ਦੀ ਸ਼ਖਸੀਅਤ ਨੂੰ ਜਾਣੀਏ।

# ਮਨੀ-ਲਾਂਡਰਿੰਗ ਵਿਰੋਧੀ

## ਮਨੀ-ਲਾਂਡਰਿੰਗ ਵਿਅਕਤੀਆਂ ਜਾਂ ਸੰਗਠਨਾਂ ਵੱਲੋਂ ਉਹਨਾਂ ਦੇ ਅਪਰਾਧਾਂ ਦੀ ਕਮਾਈ ਨੂੰ ਲੁਕਾਉਣ ਲਈ ਸੰਪੱਤੀ ਵਿੱਚ ਬਦਲਣ ਦੀ ਕੋਸ਼ਿਸ਼ ਹੈ ਜੋ ਜਾਇਜ਼ ਲੱਗੇ।

ਮਨੀ-ਲਾਂਡਰਿੰਗ ਕਾਨੂੰਨ ਦੇ ਵਿਰੁੱਧ ਹੈ ਅਤੇ Kerry ਸਮੂਹ ਵਿੱਚ ਅਸੀਂ ਦੂਜਿਆਂ ਦੀਆਂ ਅਪਰਾਧਿਕ ਗਤੀਵਿਧੀਆਂ ਨਾਲ ਜੁੜੇ ਹੋਣ ਦੇ ਜੋਖ਼ਮ ਨੂੰ – ਹਾਲਾਂਕਿ ਭਾਲੇ ਭਾਅ – ਘੱਟ ਕਰਨ ਲਈ ਜ਼ਿੰਮੇਵਾਰੀ ਨਾਲ ਕੰਮ ਕਰਦੇ ਹਾਂ।

ਸਾਰੇ ਕਰਮਚਾਰੀਆਂ ਨੂੰ ਅਸਧਾਰਨ ਲੈਣ-ਦੇਣ ਨਾਲ ਡੀਲ ਕਰਨ ਦੌਰਾਨ ਸਤਰਕ ਰਹਿਣਾ ਚਾਹੀਦਾ ਹੈ ਅਤੇ ਚੰਗੇ ਫ਼ੈਸਲੇ ਦੀ ਵਰਤੋਂ ਕਰਨੀ ਚਾਹੀਦੀ ਹੈ।

**ਸਾਨੂੰ ਸਾਰਿਆਂ ਨੂੰ ਸੰਭਾਵੀ ਸ਼ੱਕੀ ਲੈਣ-ਦੇਣ ਪ੍ਰਤੀ ਸਤਰਕ ਰਹਿਣਾ ਚਾਹੀਦਾ ਹੈ, ਜਿਵੇਂ ਕਿ ਅੱਗੇ ਦਿੱਤੇ ਗਏ ਹਨ:**

> ਭੁਗਤਾਨ ਕਰਨ ਦੇ ਤਰੀਕੇ ਵਿੱਚ ਬੇਨਿਯਮੀ ਜਾਂ ਵਧੀਕ ਭੁਗਤਾਨ ਕਰਨ ਦੀ ਬੇਨਤੀ।

> ਇਨਵੌਇਸ ਵਿੱਚ ਨਿਰਧਾਰਤ ਤੋਂ ਇਲਾਵਾ ਕਿਸੇ ਹੋਰ ਮੁਦਰਾ ਵਿੱਚ ਕੀਤੇ ਗਏ ਭੁਗਤਾਨ।

> ਨਕਦ ਜਾਂ ਨਕਦ ਦੇ ਬਰਾਬਰ ਅਕਸਰ ਵੱਡੇ ਭੁਗਤਾਨਾਂ ਕਰਨ ਦੀ ਕੋਸ਼ਿਸ਼ ਕਰਨਾ।

> ਕਿਸੇ ਅਜਿਹੀ ਵਿਅਕਤੀ ਵੱਲੋਂ ਭੁਗਤਾਨ ਕਰਨਾ ਜੋ ਸਮਝੌਤੇ ਦੀ ਧਿਰ ਨਹੀਂ ਹੈ (ਜਦੋਂ ਤੱਕ ਮਨਜ਼ੂਰੀ ਨਹੀਂ ਮਿਲਦੀ) ਜਾਂ ਆਮ ਕਾਰੋਬਾਰ ਸੰਬੰਧੀ ਖਾਤੇ ਤੋਂ ਇਲਾਵਾ ਕਿਸੇ ਖਾਤੇ ਵਿੱਚ/ਤੋਂ ਭੁਗਤਾਨ ਕਰਨਾ।

> ਹਰੇਕ ਇਨਵੌਇਸ ਜਾਂ ਇਨਵੌਇਸ ਦੇ ਸਮੂਹ ਲਈ ਇੱਕ ਤੋਂ ਵਧੇਰੇ ਚੈੱਕਾਂ ਜਾਂ ਡਰਾਫ਼ਟਾਂ ਰਾਹੀਂ ਭੁਗਤਾਨ ਕਰਨ ਦੀ ਬੇਨਤੀ ਕਰਨਾ।

## ਕਰਮਚਾਰੀਆਂ ਦੀਆਂ ਉਮੀਦਾਂ

> ਜਦੋਂ ਵਿੱਤੀ ਲੈਣ-ਦੇਣ ਦੀ ਗੱਲ ਆਉਂਦੀ ਹੈ, ਤਾਂ ਕਿਰਿਆਸ਼ੀਲ ਰਹੋ, ਇਹ ਸਮੱਸਿਆ ਦਾ ਸੰਕੇਤ ਹੋ ਸਕਦੀ ਹੈ।

> ਜਦੋਂ ਵੀ ਤੁਸੀਂ ਕਿਸੇ ਕਾਰਵਾਈ ਜਾਂ ਲੈਣ-ਦੇਣ ਨੂੰ ਦੇਖਦੇ ਹੋ ਜਾਂ ਤੁਹਾਨੂੰ ਸ਼ੱਕ ਹੁੰਦਾ ਹੈ ਕਿ ਇਹ ਆਮ ਪ੍ਰਕਿਰਿਆ ਤੋਂ ਬਾਹਰ ਹੈ, ਤਾਂ ਹਮੇਸ਼ਾਂ ਆਪਣੀ ਚਿੰਤਾ ਦੀ ਰਿਪੋਰਟ ਕਰੋ।

**ਮਦਦ ਲਈ ਕਿੱਥੇ ਜਾਈਏ →**

ਢੁੱਕਵੀਆਂ ਨੀਤੀਆਂ / ਵਧੀਕ ਸੇਧਾਂ: ਮਨੀ-ਲਾਂਡਰਿੰਗ ਵਿਰੋਧੀ ਨੀਤੀ

ਸੰਪਰਕ: ਕਾਨੂੰਨੀ ਟੀਮ, ਖਜਾਨਾ ਅਤੇ ਵਿੱਤੀ ਨਿਯੰਤ੍ਰਣ ਟੀਮਾਂ, ਦੇਸ਼ ਦੀ ਵਿੱਤੀ ਪਾਲਣਾ ਟੀਮ, ਨੈਤਿਕ ਅਤੇ ਪਾਲਣਾ ਟੀਮ



# ਵਿੱਤੀ ਇਮਾਨਦਾਰੀ ਅਤੇ ਰਿਕਾਰਡ ਧਾਰਨ



## ਸਾਡੀਆਂ ਵਿੱਤੀ ਰਿਪੋਰਟਾਂ ਵਿੱਚ ਪੂਰੀ, ਨਿਰਪੱਖ, ਸਟੀਕ, ਸਮੇਂ ਸਿਰ ਅਤੇ ਸਮਝਣਯੋਗ ਜਾਣਕਾਰੀ ਹੋਣੀ ਚਾਹੀਦੀ ਹੈ। ਇਹ ਕਾਨੂੰਨ ਵੱਲੋਂ ਲੋੜੀਂਦੀ ਹੈ ਇਹ ਹੀ ਕਰਨਾ ਸਹੀ ਹੈ।

Kerry ਸਮੂਹ ਵਿੱਚ ਹਰੇਕ ਦਾ ਸਟੀਕ ਵਿੱਤੀ ਰਿਕਾਰਡ ਰੱਖਣ, ਉਹਨਾਂ ਰਿਕਾਰਡਾਂ ਨੂੰ ਸਹੀ ਢੰਗ ਨਾਲ ਸੰਗ੍ਰਹਿਤ ਕਰਨ ਅਤੇ ਇਹ ਯਕੀਨੀ ਬਣਾਉਣ ਕਿ ਕੰਪਨੀ ਦੇ ਫ਼ੰਡ ਕਿਸੇ ਵਾਜਬ ਤਰੀਕੇ ਨਾਲ ਅਤੇ ਕਾਨੂੰਨੀ, ਲੇਖਾਂਕਣ, ਕਰ ਅਤੇ ਹੋਰ ਨਿਯੰਤ੍ਰਕ ਲੋੜਾਂ ਪੂਰੀਆਂ ਕਰਨ ਦੀ ਭੂਮਿਕਾ ਵਿੱਚ ਵਰਤੇ ਜਾ ਰਹੇ ਹਨ।

Kerry ਦੀਆਂ ਹੋਰ ਸਾਰੀਆਂ ਜਾਣਕਾਰੀਆਂ ਦੀ ਤਰ੍ਹਾਂ, ਅਸੀਂ ਕੁਝ ਵਾਜਬ ਸਮੇਂ ਲਈ ਕੰਪਨੀ ਦੇ ਵਿੱਤੀ ਰਿਕਾਰਡਾਂ ਨੂੰ ਰੱਖਣ ਲਈ ਇੱਕਸਾਰ ਅਤੇ ਵਿਵਸਥਿਤ ਦ੍ਰਿਸ਼ਟੀਕੋਣ ਅਪਣਾਉਂਦੇ ਹਾਂ, ਉਹਨਾਂ ਫ਼ਾਈਲਾਂ ਨੂੰ ਕਾਇਮ ਰੱਖਦੇ ਹਾਂ ਜਿਨ੍ਹਾਂ ਨੂੰ ਨਸ਼ਟ ਨਹੀਂ ਕੀਤਾ ਜਾਣਾ ਚਾਹੀਦਾ ਅਤੇ ਕਾਨੂੰਨ ਦੀ ਪਾਲਣਾ ਕਰਨ ਲਈ ਸੁਰੱਖਿਅਤ ਢੰਗ ਨਾਲ ਪੁਰਾਣੇ ਰਿਕਾਰਡ ਨਸ਼ਟ ਕਰਕੇ ਜਾਣਕਾਰੀ ਦੇ ਗ਼ਲਤ ਹੱਥਾਂ ਵਿੱਚ ਜਾਣ ਦੇ ਜੋਖ਼ਮ ਨੂੰ ਘੱਟ ਕਰਦੇ ਹਾਂ।

### ਤੁਹਾਡੇ ਤੋਂ ਉਮੀਦ ਕੀਤੀ ਜਾਂਦੀ ਹੈ:

- → ਯਕੀਨੀ ਬਣਾਓ ਕਿ ਸਾਰੇ ਵਿੱਤੀ ਰਿਕਾਰਡ ਪੂਰੇ ਅਤੇ ਸਹੀ ਹਨ।
- → ਸਾਡੀ ਕੰਪਨੀ ਦੇ ਆਡਿਟ ਦੇ ਸੰਬੰਧ ਵਿੱਚ ਜਾਣਕਾਰੀ ਦੀ ਬੇਨਤੀ ਕਰਨ ਵਾਲੇ ਕਿਸੇ ਅੰਦਰੂਨੀ ਜਾਂ ਬਾਹਰੀ ਆਡਿਟਰਾਂ ਜਾਂ ਜਾਂਚਕਰਤਾਵਾਂ ਨਾਲ ਪੂਰਾ ਸਹਿਯੋਗ ਕਰੋ।
- → ਸਨਮਾਨ ਕਰੋ ਅਤੇ ਯਕੀਨੀ ਬਣਾਓ ਕਿ Kerry ਦੇ ਸਰੋਤਾਂ ਦੀ ਸਹੀ ਢੰਗ ਨਾਲ ਪ੍ਰਬੰਧਨ ਕੀਤਾ ਗਿਆ ਹੈ।
- → ਯਕੀਨੀ ਬਣਾਓ ਕਿ Kerry ਬਾਹਰੀ ਵਿੱਤੀ ਰਿਪੋਰਟਿੰਗ ਦੀਆਂ ਲੋੜਾਂ ਅਤੇ ਸਮੇਂ ਸੀਮਾਂ ਦੀ ਪਾਲ਼ਣਾ ਕਰਦਾ ਹੈ।

**ਮਦਦ ਲਈ ਕਿੱਥੇ ਜਾਈਏ →**

ਢੁੱਕਵੀਆਂ ਨੀਤੀਆਂ / ਵਧੀਕ ਸੋਧਾਂ: ਰਿਕਾਰਡ ਪ੍ਰਬੰਧ ਅਤੇ ਧਾਰਨ ਨੀਤੀ, ਵਿੱਤੀ ਇਮਾਨਦਾਰੀ ਅਤੇ ਜ਼ਿੰਮੇਵਾਰੀ ਨੀਤੀ, ਢੁੱਕਵਾਂ ਵਿਸ਼ਵ-ਵਿਆਪੀ ਵਿੱਤ, ਖਜ਼ਾਨਾ ਅਤੇ ਕਰ ਨੀਤੀਆਂ

ਸੰਪਰਕ: ਸਮੂਹ ਵਿੱਤ, ਸਮੂਹ ਕਰ, ਦੇਸ਼ ਦੀ ਵਿੱਤੀ ਪਾਲਣਾ ਟੀਮ, ਅੰਦਰੂਨੀ ਆਡਿਟ

# ਤੀਜੀ ਧਿਰਾਂ ਨਾਲ ਕੰਮ ਕਰਨਾ

## ਅਸੀਂ ਆਪਣੇ ਸੰਚਾਲਨ ਦਾ ਪ੍ਰਬੰਧ ਕਰਨ ਲਈ ਉੱਚ ਮਿਆਰਾਂ ਨੂੰ ਨਿਰਧਾਰਤ ਕਰਦੇ ਹਾਂ ਅਤੇ ਇਹ ਸਾਡੇ ਗਾਹਕਾਂ, ਸਪਲਾਇਰਾਂ ਅਤੇ ਕਾਰੋਬਾਰੀ ਭਾਈਵਾਲਾਂ (ਜਿਵੇਂ ਕਿ ਵਿਕਰੇਤਾ, ਠੇਕੇਦਾਰ, ਸਲਾਹਕਾਰ, ਏਜੰਟ ਅਤੇ ਮਾਲ ਅਤੇ ਸੇਵਾਵਾਂ ਮੁਹੱਈਆ ਕਰਨ ਵਾਲੇ ਹੋਰ ਪ੍ਰਦਾਤਾ) ਨਾਲ ਸਾਡੀ ਸਾਰੀ ਗੱਲਬਾਤ ਤੱਕ ਫੈਲਿਆ ਹੋਇਆ ਹੈ।

ਖ਼ਾਸ ਤੌਰ 'ਤੇ, ਅਸੀਂ ਸਪਲਾਇਰਾਂ ਤੋਂ ਉਮੀਦ ਕਰਦੇ ਹਾਂ ਕਿ ਉਹ ਕਾਰੋਬਾਰੀ ਜ਼ਿੰਮੇਵਾਰੀ ਇਮਾਨਦਾਰੀ ਅਤੇ ਪਾਰਦਰਸ਼ਿਤਾ ਨਾਲ ਨਿਭਾਉਣ। ਇਸ ਤੋਂ ਇਲਾਵਾ ਅਸੀਂ ਸਪਲਾਇਰਾਂ ਤੋਂ ਉਮੀਦ ਕਰਦੇ ਹਾਂ ਕਿ ਉਹ ਆਪਣੇ ਕਰਮਚਾਰੀਆਂ ਨਾਲ ਨਿਰਪੱਖ ਢੰਗ ਨਾਲ, ਇਮਾਨਦਾਰੀ ਅਤੇ ਇੱਜ਼ਤ ਨਾਲ ਵਿਹਾਰ ਕਰਨ। ਸਾਡਾ ਸਪਲਾਇਰ ਆਚਾਰ ਜ਼ਾਬਤਾ ਘੱਟ ਤੋਂ ਘੱਟ ਮਿਆਰਾਂ ਨੂੰ ਨਿਰਧਾਰਤ ਕਰਦਾ ਹੈ ਜੋ ਅਸੀਂ ਆਪਣੇ ਸਪਲਾਇਰਾਂ ਅਤੇ ਉਹਨਾਂ ਦੇ ਸਪਲਾਇਰਾਂ/ਮਨਜ਼ੂਰਸ਼ੁਦਾ ਉੱਪ-ਠੇਕੇਦਾਰਾਂ ਤੋਂ ਉਮੀਦ ਕਰਦੇ ਹਾਂ। ਅਸੀਂ ਸਾਰੇ ਸਪਲਾਇਰਾਂ ਨੂੰ ਇਨ੍ਹਾਂ ਲੋੜਾਂ ਤੋਂ ਅੱਗੇ ਜਾਣ ਲਈ ਉਤਸ਼ਾਹਤ ਕਰਦੇ ਹਾਂ ਇਹ ਸਿਧਾਂਤ, ਸਪਲਾਇਰ ਆਚਾਰ ਜ਼ਾਬਤਾ ਜੋ ਸਪਲਾਇਰ ਚੋਣ ਪ੍ਰਕਿਰਿਆ ਦਾ ਹਿੱਸਾ ਹੈ, ਵਿੱਚ ਨਿਰਧਾਰਤ ਕੀਤੇ ਗਏ ਹਨ। ਜੇਕਰ ਤੀਜੀ ਧਿਰਾਂ ਇਨ੍ਹਾਂ ਮਿਆਰਾਂ ਦੀ ਪਾਲਣਾ ਕਰਨ ਵਿੱਚ ਅਸਫ਼ਲ ਰਹਿੰਦੀਆਂ ਹਨ, ਤਾਂ Kerry ਨੂੰ ਕਾਨੂੰਨੀ ਕਾਰਵਾਈ ਜਾਂ ਸਾਖ਼ ਦਾ ਨੁਕਸਾਨ ਝੱਲਣਾ ਪੈ ਸਕਦਾ ਹੈ।




**Kerry ਦੇ ਸਪਲਾਇਰਾਂ ਅਤੇ ਕਾਰੋਬਾਰੀ ਭਾਈਵਾਲਾਂ ਨਾਲ ਕੰਮ ਕਰਨ ਵਾਲੇ ਕਰਮਚਾਰੀਆਂ ਦੀਆਂ ਉਮੀਦਾਂ:**

> ਸਪਲਾਇਰ ਆਚਾਰ ਜ਼ਾਬਤੇ ਨੂੰ ਪੜ੍ਹੋ ਅਤੇ ਸਮਝੋ ਅਤੇ ਜੇਕਰ ਤੁਹਾਡੇ ਕੋਈ ਸਵਾਲ ਹਨ ਤਾਂ ਆਪਣੇ ਮੈਨੇਜਰ ਦੀ ਸਲਾਹ ਲਓ।

> ਜੇਕਰ ਤੁਹਾਨੂੰ ਪਤਾ ਹੈ ਜਾਂ ਸ਼ੱਕ ਹੈ ਕਿ ਤੀਜੀ ਧਿਰਾਂ ਢੁੱਕਵੀਆਂ ਲੋੜਾਂ ਨੂੰ ਪੂਰਾ ਨਹੀਂ ਕਰ ਰਹੀਆਂ, ਤਾਂ ਆਪਣੇ ਮੈਨੇਜਰ ਨੂੰ ਸੂਚਿਤ ਕਰੋ।

> ਯਕੀਨੀ ਬਣਾਓ ਕਿ ਨਵੀਂਆਂ ਤੀਜੀ ਧਿਰਾਂ ਲਈ ਕੋਈ ਚੋਣ, ਸੰਖਿਪਤ ਸੂਚੀ ਜਾਂ ਟੈਂਡਰਿੰਗ ਪ੍ਰਕਿਰਿਆ ਸਪਲਾਇਰ ਆਚਰ ਜ਼ਾਬਤੇ ਦੀ ਪਾਲਣਾ ਨੂੰ ਵਿਚਾਰਦੀ ਹੈ।

**ਮਦਦ ਲਈ ਕਿੱਥੇ ਜਾਈਏ →**

ਢੁੱਕਵੀਆਂ ਨੀਤੀਆਂ / ਵਧੀਕ ਸੋਧਾਂ: Kerry ਸਮੂਹ ਸਪਲਾਇਰ ਆਚਾਰ ਜ਼ਾਬਤਾ, ਰਿਸ਼ਵਤਖੋਰੀ ਅਤੇ ਭ੍ਰਿਸ਼ਟਾਚਾਰ ਵਿਰੋਧੀ ਨੀਤੀ, ਵਿਆਜ ਨੀਤੀ ਦੇ ਟਕਰਾਅ, ਤੋਹਫ਼ੇ ਅਤੇ ਮਨੋਰੰਜ ਸੰਬੰਧੀ ਨੀਤੀ, ਮਨੀ-ਲਾਂਡਰਿੰਗ ਵਿਰੋਧੀ ਨੀਤੀ, ਮਨਜ਼ੂਰੀਆਂ ਅਤੇ ਵਪਾਰ ਨਿਯੰਤ੍ਰਣ ਨੀਤੀ

ਸੰਪਰਕ: ਵਿਸ਼ਵ-ਵਿਆਪੀ ਉਪਲਬਧੀ, ਕਾਨੂੰਨੀ ਟੀਮ, ਨੈਤਿਕ ਅਤੇ ਪਾਲਣਾ ਟੀਮ

# ਜ਼ਿੰਮੇਵਾਰ ਰਾਜਨੀਤਕ ਰੁਝੇਵਾਂ




## ਸਰਕਾਰੀ ਅਧਿਕਾਰੀਆਂ, ਸਟੇਟ ਏਜੰਸੀਆਂ ਅਤੇ ਸਾਡੀ ਮੰਡੀ ਵਿਚਲੇ ਨਿਯੰਤ੍ਰਕਾਂ ਨਾਲ ਸੰਚਾਰ ਕਰਨਾ, ਕਾਰੋਬਾਰੀ ਹਿੱਸੇ ਦਾ ਇੱਕ ਮਹੱਤਵਪੂਰਨ ਹਿੱਸਾ ਹੈ।

ਅਸੀਂ ਅਜਿਹਾ ਸਮੱਸਿਆਵਾਂ ਉੱਤੇ ਆਪਣੀ ਸਥਿਤੀ ਦੇ ਬਾਰੇ ਉਹਨਾਂ ਨੂੰ ਸੂਚਿਤ ਕਰਨ ਲਈ ਕਰਦੇ ਹਾਂ, ਜੋ ਸਾਡੇ ਗਾਹਕਾਂ ਅਤੇ ਸਾਡੇ ਸਹਿਯੋਗੀਆਂ ਨੂੰ ਪ੍ਰਭਾਵਿਤ ਕਰਦੀ ਹੈ। ਇਹ ਸਮੱਸਿਆਵਾਂ ਪ੍ਰਤੀ ਸਮਝ ਨੂੰ ਵਧਾਉਣ ਵਿੱਚ ਮਦਦ ਕਰਦਾ ਹੈ ਅਤੇ ਸਾਨੂੰ ਢੁਕਵੀਂ ਨੀਤੀ ਅਤੇ ਨਿਯੰਤ੍ਰਕ ਬਹਿਸ ਵਿੱਚ ਸ਼ਾਮਲ ਹੋਣ ਵਿੱਚ ਮਦਦ ਕਰਦਾ ਹੈ।

Kerry ਸਮੂਹ ਇੱਕ ਗ਼ੈਰ-ਹਿਮਾਇਤੀ ਸੰਗਠਨ ਹੈ। ਅਸੀਂ ਕਿਸੇ ਰਾਜਨੀਤਕ ਪਾਰਟੀ ਨਾਲ ਸੰਬੰਧਿਤ ਨਹੀਂ ਹਾਂ ਅਤੇ ਨਾ ਹੀ ਅਸੀਂ ਸਿੱਧੇ ਜਾਂ ਅਸਿੱਧੇ ਤੌਰ 'ਤੇ ਰਾਜਨੀਤਕ ਪਾਰਟੀਆਂ ਦਾ ਸਮਰਥਨ ਕਰਦੇ ਹਾਂ। Kerry ਸਮੂਹ ਜਾਂ ਇਸਦੇ ਕਾਰੋਬਾਰ, ਰਾਜਨੀਤਕ ਪਾਰਟੀਆਂ, ਰਾਜਨੀਤਕ ਉਮੀਦਵਾਰਾਂ ਜਾਂ ਜਨਤਕ ਅਧਿਕਾਰੀਆਂ ਲਈ ਵਿੱਤੀ ਯੋਗਦਾਨ ਨਹੀਂ ਪਾਉਂਦੀ।

### ਇਸਦਾ ਕੀ ਮਤਲਬ ਹੈ?

> Kerry ਕੰਪਨੀਆਂ ਅਤੇ ਕਰਮਚਾਰੀਆਂ ਲਈ ਲਾਗੂ ਹੋਣ ਯੋਗ ਕਾਨੂੰਨਾਂ ਅਤੇ ਵਿਧਾਨਾਂ ਦੀ ਪਾਲਣਾ ਕਰਨਾ ਜ਼ਰੂਰੀ ਹੈ।

> ਸਿਰਫ਼ ਕੁਝ ਅਜਿਹੇ ਵਿਅਕਤੀ ਜੋ ਵਿਧਾਨਾਂ ਅਤੇ ਸਾਡੀ ਪ੍ਰਮੁੱਖ ਵਿਸ਼ਿਆਂ ਉੱਤੇ ਸਾਡੀ ਕਾਰਪੋਰੇਟ ਸਥਿਤੀ ਨੂੰ ਪੂਰੀ ਤਰ੍ਹਾਂ ਸਮਝਦੇ ਹਨ ਉਹ Kerry ਸਮੂਹ ਵੱਲੋਂ ਸਰਕਾਰੀ ਅਧਿਕਾਰੀਆਂ ਨਾਲ ਜੁੜ ਸਕਦੇ ਹਨ।

**ਮਦਦ ਲਈ ਕਿੱਥੇ ਜਾਈਏ →**

ਢੁਕਵੀਆਂ ਨੀਤੀਆਂ / ਵਧੀਕ ਸੇਧਾਂ: ਜ਼ਿੰਮੇਦਾਰ ਰਾਜਨੀਤਕ ਰੁਝੇਵਾਂ ਨੀਤੀ

ਸੰਪਰਕ: ਕਾਨੂੰਨੀ ਟੀਮ, ਕਾਰਪੋਰੇਟ ਮਾਮਲੇ

# ਸਾਡੀ ਜਾਣਕਾਰੀ ਅਤੇ ਸੰਪੱਤੀ ਦੀ ਸੁਰੱਖਿਆ ਕਰਨਾ

ਸਮੂਹ ਦੀ ਸੰਪੱਤੀ ਦੀ ਰੱਖਿਆ ਕਰਨਾ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ। ਤੁਹਾਨੂੰ Kerry ਸਮੂਹ ਵੱਲੋਂ ਸਿਰਫ਼ ਉਦੋਂ ਬੋਲਣਾ ਚਾਹੀਦਾ ਹੈ ਜਦੋਂ ਤੁਸੀਂ ਅਜਿਹਾ ਕਰਨ ਲਈ ਅਧਿਕਾਰਤ ਹੁੰਦੇ ਹੋ ਅਤੇ ਕੰਪਨੀ ਦੀ ਨੁਮਾਇੰਦਗੀ ਕਰਦੇ ਹੋਏ ਤੁਹਾਨੂੰ ਹਮੇਸ਼ਾਂ ਸਾਡੀਆਂ ਨੀਤੀਆਂ ਦੀ ਪਾਲਣਾ ਕਰਨੀ ਚਾਹੀਦੀ ਹੈ।



# ਭੌਤਿਕ ਅਤੇ ਬੌਧਿਕ ਸੰਪੱਤੀ

## ਕਰਮਚਾਰੀਆਂ ਨੂੰ Kerry ਦੀ ਜਾਇਦਾਦ ਅਤੇ ਸਰੋਤ ਸਪੁਰਦ ਕੀਤੇ ਗਏ ਹਨ, Kerry ਦੀ ਬੌਧਿਕ ਸੰਪਤੀ (IP) ਤੋਂ ਲੈ ਕੇ ਕੰਪਨੀ ਦੇ ਉਪਕਰਨਾਂ ਅਤੇ ਔਜ਼ਾਰਾਂ ਤੱਕ ਅਤੇ ਉਹਨਾਂ ਦੀ ਸੁਰੱਖਿਆ ਲਈ ਹਰੇਕ ਕਦਮ ਚੁੱਕਣਾ ਜ਼ਰੂਰੀ ਹੈ।

### ਬੌਧਿਕ ਸੰਪੱਤੀ (IP)

ਬੌਧਿਕ ਸੰਪੱਤੀ ਇੱਕ ਅਛੋਹ ਸੰਪੱਤੀ ਹੈ ਜਿਵੇਂ ਕਿ ਰਜਿਸਟਰਡ IP (ਪੇਟੈਂਟ, ਟ੍ਰੇਡਮਾਰਕ, ਕਾਪੀਰਾਈਟ ਆਦਿ) ਅਤੇ ਜਾਣਕਾਰੀਆਂ (ਨੁਸਖ਼ਾ ਸੂਤਰੀਕਰਨ, ਨਿਰਮਾਣ ਪ੍ਰਕਿਰਿਆਵਾਂ, ਮੁੱਢਲੀਆਂ ਤਕਨੀਕਾਂ ਆਦਿ)।

Kerry ਸਮੂਹ ਦੀਆਂ ਨਿਵੇਕਲੀਆਂ ਤਕਨੀਕਾਂ ਅਤੇ ਜਾਣਕਾਰੀ ਸਾਨੂੰ ਸਾਡੇ ਮੁਕਾਬਲੇਬਾਜ਼ਾਂ ਤੋਂ ਵੱਖਰਾ ਕਰਦੀ ਹੈ ਅਤੇ ਸਫ਼ਲ ਹੋਣ ਵਿੱਚ ਮਦਦ ਕਰਦੀ ਹੈ। ਬੌਧਿਕ ਸੰਪਤੀ ਸਾਡੇ ਕਾਰੋਬਾਰ ਦੇ ਹਰੇਕ ਪਹਿਲੂ ਵਿੱਚ ਜੜੀ ਹੋਈ ਹੈ ਅਤੇ Kerry ਸਮੂਹ ਦੀ ਸਭ ਤੋਂ ਕੀਮਤੀ ਸੰਪੱਤੀਆਂ ਵਿੱਚੋਂ ਇੱਕ ਹੈ। ਇਹ ਬਹੁਤ ਜ਼ਰੂਰੀ ਹੈ ਕਿ ਅਸੀਂ ਇਸ IP ਦੀ ਸੁਰੱਖਿਆ ਕਰੀਏ ਅਤੇ ਸਾਰੇ ਕਰਮਚਾਰੀਆਂ ਦੀ ਇਸ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਹੈ।

### ਭੌਤਿਕ ਸੰਪੱਤੀ

ਕਰਮਚਾਰੀਆਂ ਨੂੰ ਆਪਣਾ ਕੰਮ ਕਰਨ ਵਿੱਚ ਮਦਦ ਕਰਨ ਲਈ ਉਪਕਰਨ ਅਤੇ ਔਜ਼ਾਰ ਮੁਹੱਈਆ ਕੀਤੇ ਗਏ ਹਨ। ਇਸ ਭੌਤਿਕ ਸੰਪੱਤੀ ਦਾ ਸਨਮਾਨ ਅਤੇ ਸੰਭਾਲ ਕਰਨ ਲਈ Kerry ਇੱਕ ਕਰਮਚਾਰੀ ਵਜੋਂ ਤੁਹਾਡੇ ਉੱਤੇ ਭਰੋਸਾ ਕਰਦਾ ਹੈ। ਇਸ ਉਪਕਰਨ ਅਤੇ ਭੌਤਿਕ ਸੰਪੱਤੀ ਦੀ ਚੋਰੀ, ਵਿਗਾੜ ਅਤੇ ਅਣਉਚਿਤ ਵਰਤੋਂ ਨੂੰ ਰੋਕਣ ਲਈ ਸਾਨੂੰ ਸਾਰਿਆਂ ਨੂੰ ਇਕੱਠਿਆ ਕੰਮ ਕਰਨਾ ਚਾਹੀਦਾ ਹੈ।

## ਕਰਮਚਾਰੀਆਂ ਦੀਆਂ ਉਮੀਦਾਂ

> ਸਿਰਫ਼ Kerry ਦੀ ਸੰਪੱਤੀ ਅਤੇ ਸਰੋਤਾਂ ਦੀ ਵਰਤੋਂ ਇਸ ਤਰ੍ਹਾਂ ਕਰੋ ਜੋ ਵਾਜਬ, ਕਾਨੂੰਨੀ ਅਤੇ ਉਚਿਤ ਹੋਵੇ ਅਤੇ ਕਦੇ ਵੀ ਇਸਨੂੰ ਬਿਨਾਂ ਸਹੀ ਅਧਿਕਾਰਕਤਾ ਦੇ ਵਰਤੋਂ, ਲੈਣਾ, ਵੇਚਣਾ, ਉਧਾਰ ਦੇਣਾ, ਉਧਾਰ ਲੈਣਾ ਜਾਂ ਕਿਸੇ ਨੂੰ ਨਾ ਦਿਓ।

> ਕੰਪਨੀ ਦੀ ਸੰਪੱਤੀ ਅਤੇ ਮਾਲ-ਸਮਾਨ ਨੂੰ ਚੰਗੇ ਕਾਰਜੀ ਹਾਲਾਤ ਵਿੱਚ ਰੱਖੋ ਅਤੇ ਜੇਕਰ ਕੰਪਨੀ ਦੇ ਮਾਲ-ਸਮਾਨ ਨੂੰ ਬਦਲੀ ਜਾਂ ਮੁਰੰਮਤ ਦੀ ਲੋੜ ਹੈ, ਤਾਂ ਮੈਨੇਜਰ ਨੂੰ ਸੂਚਿਤ ਕਰੋ।

> ਕੰਪਨੀ ਦੇ ਮਾਲ-ਸਮਾਨ ਦੀ ਚੋਰੀ ਜਾਂ ਨੁਕਸਾਨ ਸੰਬੰਧੀ ਕਿਸੇ ਵੀ ਸ਼ੰਕੇ ਦੀ ਤੁਰੰਤ ਰਿਪੋਰਟ ਕਰੋ।

**ਮਦਦ ਲਈ ਕਿੱਥੇ ਜਾਈਏ →**

ਢੁੱਕਵੀਆਂ ਨੀਤੀਆਂ / ਵਧੀਕ ਸ੍ਰੋਤਾਂ: ਬੌਧਿਕ ਸੰਪੱਤੀ ਨੀਤੀ, ਗੁਪਤ ਜਾਣਕਾਰੀ ਨੀਤੀ, ਭੌਤਿਕ ਸੰਪੱਤੀ ਨੀਤੀ

ਸੰਪਰਕ: Kerry ਗੁਪਤ ਬੌਧਿਕ ਸੰਪੱਤੀ (KGIP) ਟੀਮ, ਕਾਨੂੰਨੀ ਟੀਮ



# ਗੁਪਤ ਜਾਣਕਾਰੀ ਦੀ ਸੁਰੱਖਿਆ ਕਰਨਾ

## ਗੁਪਤ ਜਾਣਕਾਰੀ ਅਜਿਹੀ ਜਾਣਕਾਰੀ ਹੁੰਦੀ ਹੈ ਜੋ ਲੋਕਾਂ ਨੂੰ ਉਪਲਬਧ ਨਹੀਂ ਹੁੰਦੀ, ਪਰ Kerry ਸਮੂਹ ਦੇ ਕਰਮਚਾਰੀ ਵਜੋਂ ਸਾਡੇ ਕੋਲ ਇਸਦੀ ਪਹੁੰਚ ਹੈ।

Kerry ਦੀ ਜਾਣਕਾਰੀ ਇੱਕ ਸੰਪੱਤੀ ਹੈ ਜਿਸਨੂੰ ਸੁਰੱਖਿਅਤ ਰੱਖਣ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਬੰਧਿਤ ਕਰਨ ਦੀ ਲੋੜ ਹੈ। ਜੇਕਰ ਗੁਪਤ ਜਾਣਕਾਰੀ ਨੂੰ Kerry ਤੋਂ ਬਾਹਰ ਸਾਂਝਾ ਕੀਤਾ ਜਾਂਦਾ ਹੈ, ਤਾਂ ਇਹ ਸਾਨੂੰ ਮੁਕਾਬਲੇਬਾਜ਼ੀ ਵਿੱਚ ਨੁਕਸਾਨ ਪਹੁੰਚਾ ਸਕਦੀ ਹੈ, ਸਾਡੇ ਵਿੱਤੀ ਨਤੀਜਿਆਂ ਨੂੰ ਪ੍ਰਭਾਵਿਤ ਕਰ ਸਕਦੀ ਹੈ ਜਾਂ ਸਾਖ਼ ਨੂੰ ਹਾਨੀ ਪਹੁੰਚਾ ਸਕਦੀ ਹੈ

ਅਚਾਨਕ, ਲਾਪਰਵਾਹੀ ਜਾਂ ਜਾਣ-ਬੁੱਝ ਕੇ ਕੀਤੀਆਂ ਗਈਆਂ ਕਾਰਵਾਈਆਂ ਰਾਹੀਂ ਹੋਣ ਵਾਲੇ ਘਾਟੇ ਜਾਂ ਨੁਕਸਾਨ ਤੋਂ ਬਚਾਉਣ ਲਈ ਗੁਪਤ ਜਾਣਕਾਰੀ ਨੂੰ ਸਹੀ ਢੰਗ ਨਾਲ ਸੰਭਾਲਣ ਲਈ ਅਸੀਂ ਸਾਰੇ ਜ਼ਿੰਮੇਵਾਰ ਹਾਂ। ਸਾਡੀ ਜਾਣਕਾਰੀ ਅਤੇ ਕਰਮਚਾਰੀਆਂ, ਗਾਹਕਾਂ ਅਤੇ ਕਾਰੋਬਾਰੀ ਭਾਈਵਾਲਾਂ ਵੱਲੋਂ ਸਾਨੂੰ ਸਪੁਰਦ ਕੀਤੀ ਗਈ ਸਾਡੀ ਜਾਣਕਾਰੀ ਦਾ ਬਚਾਅ ਅਤੇ ਰੱਖਿਆ ਕਰਨ ਲਈ ਆਪਣੀ ਭੂਮਿਕਾ ਨਿਭਾਓ।



**ਮਦਦ ਲਈ ਕਿੱਥੇ ਜਾਈਏ →**

ਢੁੱਕਵੀਆਂ ਨੀਤੀਆਂ / ਵਧੀਕ ਸੇਧਾਂ: ਗੁਪਤ ਜਾਣਕਾਰੀ ਨੀਤੀ, ਬੌਧਿਕ ਸੰਪੱਤੀ ਨੀਤੀ, ਜਾਣਕਾਰੀ ਸੁਰੱਖਿਆ ਨੀਤੀ, ਭੌਤਿਕ ਸੁਰੱਖਿਆ ਨੀਤੀ

ਸੰਪਰਕ Kerry ਸਮੂਹ ਬੈਧਿਕ ਸੰਪੱਤੀ (KGIP) ਟੀਮ, ਕਾਨੂੰਨੀ ਟੀਮ, ਮਾਨਵੀ ਸੰਸਾਧਨ, ICT ਸੁਰੱਖਿਆ

## ਕਰਮਚਾਰੀਆਂ ਦੀਆਂ ਉਮੀਦਾਂ

- ਸਾਡੀ ਜਾਣਕਾਰੀ ਸੁਰੱਖਿਆ ਨੀਤੀ. ਵਿੱਚ ਪਰਿਭਾਸ਼ਿਤ ਵਰਗੀਕਰਨਾਂ ਦੀ ਵਰਤੋਂ ਕਰਕੇ, Kerry ਦੀ ਜਾਣਕਾਰੀ ਦਾ ਜਨਤਕ ਖੇਤਰ ਵਿੱਚ ਵਰਗੀਕਰਨ ਨਾ ਕਰੋ।
- ਗੁਪਤ ਜਾਣਕਾਰੀ, ਕੰਪਿਊਟਰਾਂ, ਟੈਬਲੇਟਾਂ, ਫ਼ਲੈਸ਼ ਡਰਾਈਵਾਂ ਜਾਂ ਮੋਬਾਈਲ ਫ਼ੋਨਾਂ ਨੂੰ ਬਿਨਾਂ ਨਿਗਰਾਨੀ ਦੇ ਨਾ ਰੱਖੋ।
- Kerry ਦੀ ਜਾਣਕਾਰੀ ਦੀ ਸਹੀ ਵਰਤੋਂ, ਪਸਾਰ, ਧਾਰਨ, ਸੁਰੱਖਿਆ ਅਤੇ ਨਿਪਟਾਰੇ ਦੀ ਨਿੱਜੀ ਜ਼ਿੰਮੇਵਾਰੀ ਲਓ।
- ਸਿਰਫ਼ ਉਹਨਾਂ ਨਾਲ ਵਿਚਾਰ-ਵਟਾਂਦਰਾ ਕਰੋ ਅਤੇ ਨਿੱਜੀ ਜਾਣਕਾਰੀ ਤੱਕ ਪਹੁੰਚ ਦਿਓ ਜਿਨ੍ਹਾਂ ਨੂੰ ਆਪਣਾ ਕੰਮ ਕਰਨ ਲਈ ਇਸਦੀ ਲੋੜ ਹੈ ਅਤੇ ਯਕੀਨੀ ਬਣਾਓ ਕਿ ਕਿਸੇ ਵੀ ਗੁਪਤ ਜਾਣਕਾਰੀ ਤੱਕ ਸਹੀ ਪਹੁੰਚ ਨਿਯੰਤ੍ਰਣ ਹੋਵੇ।
- ਜਦੋਂ ਵੀ ਲੋਕੀ ਕੰਪਨੀ ਵਿੱਚ ਸ਼ਾਮਲ ਹੁੰਦੇ ਹਨ, ਬਦਲੀ ਹੁੰਦੇ ਜਾਂ ਛੱਡਦੇ ਹਨ, ਤਾਂ ਯਕੀਨੀ ਬਣਾਓ ਕਿ ਉਹਨਾਂ ਦੀਆਂ ਸੂਚਨਾ ਪਹੁੰਚ ਲੋੜਾਂ ਸਹੀ ਢੰਗ ਨਾਲ ਮੁਹੱਈਆ ਕਰਵਾਈਆਂ, ਬਦਲੀਆਂ ਅਤੇ ਹਟਾਈਆਂ ਜਾਂਦੀਆਂ ਹਨ।

# ਨਿੱਜੀ ਡਾਟੇ ਦੀ ਸੁਰੱਖਿਆ ਕਰਨਾ

## ਉਹਨਾਂ ਸਾਰੇ ਵਿਅਕਤੀਆਂ ਦੇ ਨਿੱਜੀ ਡਾਟੇ ਦੀ ਸੁਰੱਖਿਆ ਅਤੇ ਨਿੱਜਤਾ ਦਾ ਆਦਰ ਕਰਨਾ ਸੰਵੇਦਨਸ਼ੀਲ ਹੈ ਜਿਨ੍ਹਾਂ ਲਈ ਅਸੀਂ ਨਿੱਜੀ ਡਾਟੇ ਦੀ ਪ੍ਰਕਿਰਿਆ ਕਰਦੇ ਹਾਂ।

ਸਾਡੀ ਭੂਮਿਕਾ ਦੇ ਹਿੱਸੇ ਵਜੋਂ ਸਾਡੇ ਵਿੱਚੋਂ ਕੁਝ ਦੀ ਆਪਣੇ ਸਹਿਯੋਗੀਆਂ, ਗਾਹਕਾਂ, ਸਪਲਾਇਰਾਂ, ਖ਼ਪਤਕਾਰਾਂ, ਹਿੱਸੇਦਾਰਾਂ ਜਾਂ ਹੋਰ ਵਿਅਕਤੀਆਂ ਦੇ ਨਿੱਜੀ ਡਾਟੇ ਤੱਕ ਪਹੁੰਚ ਹੁੰਦੀ ਹੈ। ਕੋਈ ਵੀ ਨਿੱਜੀ ਡਾਟਾ ਜੋ ਸਾਡੇ ਕੋਲ ਹੈ ਜਾਂ ਜਿਸਨੂੰ ਦੂਸਰੇ ਸਾਡੇ ਲਈ ਇਕੱਠਾ ਕਰਦੇ, ਸਾਂਭਦੇ ਜਾਂ ਪ੍ਰਕਿਰਿਆ ਕਰਦੇ ਹਨ, ਜਾਂ ਜਿਸ ਤੱਕ ਸਾਡੀ ਪਹੁੰਚ ਹੈ, ਸਿਰਫ਼ Kerry ਦੇ ਕਾਰੋਬਾਰ ਉਦੇਸ਼ਾਂ ਲਈ ਹੀ ਵਰਤਿਆ ਜਾਣਾ ਚਾਹੀਦਾ ਹੈ।

ਇੱਕ ਵਿਅਕਤੀ ਦੀ ਸਿਹਤ, ਨਸਲ, ਕੌਮ, ਮੂਲ, ਰਾਜਨੀਤਕ ਵਿਚਾਰ, ਨੈਤਿਕ ਜਾਂ ਧਾਰਮਕ ਵਿਸ਼ਵਾਸ, ਜਿਨਸੀ ਜ਼ਿੰਦਗੀ ਜਾਂ ਅਪਰਾਧਕ ਗਤੀਵਿਧੀਆਂ ਬਾਰੇ ਸੰਵੇਦਨਸ਼ੀਲ ਨਿੱਜੀ ਡਾਟੇ ਨੂੰ ਵਿਸ਼ੇਸ਼ ਧਿਆਨ ਦੇ ਕੇ ਵਰਤਣ ਦੀ ਲੋੜ ਹੈ।

### ਨਿੱਜੀ ਡਾਟੇ ਦੀ ਪ੍ਰਕਿਰਿਆ ਕਰਨ ਲਈ ਸੇਧਾਂ:

> ਸਿਰਫ਼ ਉਨਾ ਨਿੱਜੀ ਡਾਟਾ ਹੀ ਇਕੱਤਰ ਕਰੋ ਜਿੰਨੇ ਦੀ ਲੋੜ ਹੈ।

> ਯਕੀਨੀ ਬਣਾਓ ਕਿ ਨਿੱਜੀ ਡਾਟਾ ਸਹੀ ਢੰਗ ਨਾਲ ਕ੍ਰਮਬੱਧ ਕੀਤਾ ਜਾਂਦਾ ਹੈ।

> ਨਿੱਜੀ ਡਾਟੇ ਦਾ ਸੁਰੱਖਿਅਤ ਢੰਗ ਨਾਲ ਸੰਗ੍ਰਹਿਣ ਕਰੋ ਅਤੇ ਸੀਮਿਤ ਪਹੁੰਚ ਰੱਖੋ।

> ਨਿੱਜੀ ਡਾਟੇ ਨੂੰ ਹੋਰ ਲੋੜ ਨਾ ਰਹਿਣ 'ਤੇ ਨਸ਼ਟ ਕਰ ਦਿਓ।

> ਨਿੱਜੀ ਡਾਟੇ ਨੂੰ ਮਨਜ਼ੂਰਸ਼ੁਦਾ ਕਾਰੋਬਾਰੀ ਉਦੇਸ਼ਾਂ ਤੋਂ ਇਲਾਵਾ ਕਿਸੇ ਹੋਰ ਕੰਮ ਲਈ ਨਾ ਵਰਤੋ।

> ਬਿਨਾਂ ਢੁੱਕਵੇਂ ਬਚਾਅ ਪ੍ਰਬੰਧਾਂ ਦੇ ਕਿਸੇ ਤੀਜੀ ਧਿਰ ਨਾਲ ਨਿੱਜੀ ਡਾਟਾ ਸਾਂਝਾ ਨਾ ਕਰੋ।

> ਕਿਸੇ ਵੀ ਨਿੱਜੀ ਡਾਟੇ ਨੂੰ ਬਿਨਾਂ ਨਿਗਰਾਨੀ ਦੇ ਜਾਂ ਅਸੁਰੱਖਿਅਤ ਨਾ ਛੱਡੋ।

**ਮਦਦ ਲਈ ਕਿੱਥੇ ਜਾਈਏ →**

ਢੁੱਕਵੀਆਂ ਨੀਤੀਆਂ / ਵਧੀਕ ਸੇਧਾਂ: ਕਰਮਚਾਰੀ ਦੇ ਡਾਟੇ ਲਈ ਸੁਰੱਖਿਆ ਨੀਤੀ, ਡਾਟਾ ਸੁਰੱਖਿਆ ਮਿਆਰੀ ਨੀਤੀ

ਸੰਪਰਕ: ਸਾਮੂਹਿਕ ਡਾਟਾ ਸੁਰੱਖਿਆ ਟੀਮ, ਮਾਨਵੀ ਸੰਸਾਧਨ, ICT ਸੁਰੱਖਿਆ



# ਸੂਚਨਾ ਤਕਨਾਲੋਜੀ ਦੀ ਵਰਤੋਂ ਕਰਨਾ

ਸਾਨੂੰ ਆਪਣਾ ਕੰਮ ਕਰਨ ਦੇਣ ਲਈ, Kerry ਸਮੂਹ ਕਰਮਚਾਰੀਆਂ ਨੂੰ ਕਈ ਕਿਸਮ ਦੇ ਤਕਨੀਕੀ ਅਤੇ ਇਲਕਟ੍ਰੌਨਿਕ ਸੰਚਾਰ ਸਾਧਨ ਮੁਹੱਈਆ ਕਰਵਾਉਂਦਾ ਹੈ। ਸਾਡੇ ਕੋਲੋਂ ਇਹ ਆਸ ਕੀਤੀ ਜਾਂਦੀ ਹੈ ਕਿ ਅਸੀਂ ਇਨ੍ਹਾਂ ਸਾਰੇ ਔਜ਼ਾਰਾਂ ਦੀ ਜ਼ਿੰਮੇਵਾਰੀ ਅਤੇ ਸੁਰੱਖਿਅਤ ਤਰੀਕੇ ਨਾਲ ਸਾਰੇ ਢੁੱਕਵੇਂ ਕਾਨੂੰਨਾਂ ਅਤੇ ਵਿਧਾਨਾਂ ਦੀ ਪਾਲਣਾ ਕਰਦੇ ਹੋਏ ਵਰਤੋਂ ਕਰਾਂਗੇ।

**ਜ਼ਰੂਰੀ ICT ਸੇਧਾਂ ਵਿੱਚ ਸ਼ਾਮਲ ਹਨ:**

> ਨਿੱਜੀ ਵਰਤੋਂ ਕੀਤੀ ਜਾ ਸਕਦੀ ਹੈ ਜੇਕਰ ਇਹ ICT ਸੂਚਨਾ ਸੁਰੱਖਿਆ ਨੀਤੀ ਦੇ ਅਨੁਕੂਲ ਹੈ ਅਤੇ ਸਮੁੱਚੀ ਕਾਰਗੁਜ਼ਾਰੀ ਉੱਤੇ ਕੋਈ ਪ੍ਰਭਾਵ ਨਹੀਂ ਪਾਉਂਦੀ।

> ਤੁਹਾਨੂੰ ਜਾਰੀ ਕੀਤੇ ਗਏ ਸਾਰੇ ICT ਸਰੋਤਾਂ ਅਤੇ ਉਪਕਰਨਾਂ ਦੀ ਸੁਰੱਖਿਆ, ਵਰਤੋਂ, ਸੁਰੱਖਿਅਤ ਸੰਭਾਲ ਅਤੇ ਜਿੱਥੇ ਢੁੱਕਵਾਂ ਹੈ, ਸੁਰੱਖਿਅਤ ਵਾਪਸੀ ਲਈ ਤੁਸੀਂ ਜ਼ਿੰਮੇਵਾਰ ਹੋ।

> ਈ-ਮੇਲ, ਤੁਰੰਤ ਸੁਨੇਹਾ-ਸੇਵਾ (IM) ਅਤੇ ਸਮਾਜਕ ਸੰਚਾਰ ਸੇਵਾਵਾਂ ਕਾਰੋਬਾਰੀ ਔਜ਼ਾਰ ਹਨ। ਨੀਤੀ, ਨਿਯੰਤ੍ਰਕ ਅਤੇ ਕਾਨੂੰਨੀ ਲੋੜਾਂ ਦੀ ਪਾਲਣਾ ਯਕੀਨੀ ਬਣਾਉਣ ਲਈ, Kerry ਈ-ਮੇਲਾਂ ਦੀ ਅਤੇ ਤੁਰੰਤ ਸੁਨੇਹਿਆਂ ਦੀ ਸਮੱਗਰੀ ਉੱਤੇ ਮੁੜ ਵਿਚਾਰ ਕਰਨ ਦਾ ਹੱਕ ਰਾਖਵਾਂ ਰੱਖਦਾ ਹੈ।

> ਕਦੇ ਵੀ ਗ਼ੈਰ-ਕਾਨੂੰਨੀ ਜਾਂ ਇਤਰਾਜ਼ਯੋਗ ਸਮੱਗਰੀ ਵਾਲੀਆਂ ਵੈੱਬਸਾਈਟਾਂ ਨੂੰ ਜਾਣ-ਬੁੱਝ ਕੇ ਬ੍ਰਾਊਜ਼ ਨਾ ਕਰੋ।

> ਆਪਣੇ ਪੀਸੀ/ਲੈਪਟਾਪ ਜਾਂ ਹੋਰ Kerry ਡੀਵਾਈਸ ਉੱਤੇ, ਗ਼ੈਰ-ਕਾਨੂੰਨੀ, ਗ਼ੈਰ-ਲਸੰਸੀ ਜਾਂ ਅਣਅਧਿਕਾਰਤ ਸੌਫ਼ਟਵੇਅਰ ਨੂੰ ਸਥਾਪਤ ਨਾ ਕਰੋ।

## ਕਰਮਚਾਰੀਆਂ ਦੀਆਂ ਉਮੀਦਾਂ

> ਮਜ਼ਬੂਤ ਪਾਸਵਰਡਾਂ ਦੀ ਵਰਤੋਂ ਕਰੋ ਅਤੇ ਇਨ੍ਹਾਂ ਨੂੰ ਅਤੇ ਆਪਣੇ ਵਰਤੋਂਕਾਰ ਪਛਾਣਾਂ ਨੂੰ ਨਿੱਜੀ ਅਤੇ ਸੁਰੱਖਿਅਤ ਰੱਖੋ।

> ਆਪਣੇ ਖਾਤਾ ਪਾਸਵਰਡਾਂ ਨੂੰ ਕਿਸੇ ਨਾਲ ਵੀ ਕਦੇ ਵੀ ਸਾਂਝਾ ਨਾ ਕਰੋ ਅਤੇ ਨਾ ਹੀ ਦੂਜੇ ਵਿਅਕਤੀ ਦੇ ਪਾਸਵਰਡ ਜਾਂ ਵਰਤੋਂਕਾਰ ਖਾਤੇ ਨੂੰ ਵਰਤੋਂ, ਭਾਵੇਂ ਉਹ ਸੰਗਠਨ ਨੂੰ ਛੱਡ ਚੁੱਕੇ ਹੋਣ।

> ਜਦੋਂ ਜਨਤਕ ਥਾਵਾਂ ਉੱਤੇ ਹੋਵੋ (ਜਿਵੇਂ ਕਿ ਕੈਫ਼ੇ, ਹਵਾਈ-ਅੱਡੇ ਜਾਂ ਰੇਲਵੇ ਸਟੇਸ਼ਨ), ਕਿਸੇ ਵੀ ਸੰਭਾਵੀ ਗੁਪਤ ਚੀਜ਼ ਉੱਤੇ ਕੰਮ ਨਾ ਕਰੋ, ਜੇਕਰ ਇਸ ਗੱਲ ਦਾ ਜੋਖ਼ਮ ਹੋਵੇ ਕਿ ਜਾਣਕਾਰੀ ਦਾ ਬੇਧਿਆਨੀ ਨਾਲ ਖ਼ੁਲਾਸਾ ਹੋ ਸਕਦਾ ਹੈ।

> ਕਿਸੇ ਵੀ ਗ਼ੈਰ-ਮਨਜ਼ੂਰਸ਼ੁਦਾ ਡੀਵਾਈਸ ਉੱਤੇ Kerry ਦੇ ਡਾਟੇ ਦੀ ਸੰਭਾਲ ਜਾਂ ਪ੍ਰਕਿਰਿਆ ਨਾ ਕਰੋ।

> ਜੇਕਰ ਤੁਸੀਂ ਸੋਚਦੇ ਹੋ ਕਿ ਤੁਸੀਂ ਸ਼ਾਇਦ ਕਿਸੇ ਨੁਕਸਾਨਦਾਇਕ ਲਿੰਕ ਉੱਤੇ ਕਲਿੱਕ ਕਰ ਦਿੱਤਾ ਹੈ ਜਾਂ ਆਪਣੇ ਪਾਸਵਰਡ ਨੂੰ ਸਾਂਝਾ ਕਰ ਲਿਆ ਹੈ, ਤਾਂ ਕਿਰਪਾ ਕਰਕੇ ਆਪਣਾ ਪਾਸਵਰਡ ਬਦਲ ਲਓ ਅਤੇ ICT ਸੇਵਾ ਡੈਸਕ ਨੂੰ ਸੂਚਨਾ ਦਿਓ।

**ਮਦਦ ਲਈ ਕਿੱਥੇ ਜਾਈਏ →**

ਢੁੱਕਵੀਆਂ ਨੀਤੀਆਂ / ਵਧੀਕ ਸੇਧਾਂ: ICT ਸੁਰੱਖਿਆ ਨੀਤੀ

ਸੰਪਰਕ: ICT ਸੁਰੱਖਿਆ

# ਬਾਹਰੀ ਸੰਚਾਰ ਅਤੇ ਸੋਸ਼ਲ ਮੀਡੀਆ

**ਸਾਨੂੰ Kerry ਸਮੂਹ ਵਿਖੇ ਆਪਣੇ ਕੰਮ ਉੱਤੇ ਮਾਣ ਹੈ ਅਤੇ ਕੰਮ ਦੀਆਂ ਕਹਾਣੀਆਂ ਜਾਂ ਤਸਵੀਰਾਂ ਨੂੰ ਆਪਣੇ ਦੋਸਤਾਂ, ਪਰਿਵਾਰ ਜਾਂ ਸਮਾਜਕ ਨੈੱਟਵਰਕਾਂ ਉੱਤੇ ਸਾਂਝੀਆਂ ਕਰਨਾ ਚਾਹੁੰਦੇ ਹੋਵਾਂਗੇ। ਇਹ ਪੱਕਾ ਕਰਨ ਵਿੱਚ ਮਦਦ ਕਰਨ ਲਈ ਸਾਡੇ ਕੋਲ ਸਥਾਪਤ ਨਿਰਦੇਸ਼ ਹਨ ਕਿ ਤੁਸੀਂ ਸਹੀ ਢੰਗ ਨਾਲ ਸਿਰਫ਼ ਸਹੀ ਲੋਕਾਂ ਨਾਲ ਹੀ ਸਾਂਝਾ ਕਰਦੇ ਹੋ।**

ਹਰ ਕਿਸਮ ਦੇ ਬਾਹਰੀ ਸੰਚਾਰ ਸਾਧਨ (ਜਿਵੇਂ ਕਿ ਮੀਡੀਆ ਨਾਲ ਗੱਲਬਾਤ ਕਰਨਾ, ਮੌਕਿਆਂ ਉੱਤੇ ਪੇਸ਼ਕਾਰੀ ਅਤੇ ਸੋਸ਼ਲ ਮੀਡੀਆ ਉੱਤੇ ਪਾਉਣਾ) ਘੜਦੇ ਹਨ ਕਿ ਲੋਕ Kerry ਸਮੂਹ ਨੂੰ ਕਿਵੇਂ ਦੇਖਦੇ ਹਨ ਅਤੇ ਸਾਡੀ ਸਾਖ਼ ਨੂੰ ਪ੍ਰਭਾਵਿਤ ਕਰਦੇ ਹਨ। ਉਸ ਦੁਨੀਆ ਵਿੱਚ ਜਿੱਥੇ ਖ਼ਬਰ ਤੇਜ਼ੀ ਨਾਲ ਸਫ਼ਰ ਕਰਦੀ ਹੈ ਕਿਰਪਾ ਕਰਕੇ ਇਸ ਗੱਲ ਦਾ ਧਿਆਨ ਨਾਲ ਪ੍ਰਬੰਧਨ ਕਰੋ ਕਿ ਤੁਸੀਂ ਕੀ ਅਤੇ ਕਿਵੇਂ ਸਾਡੀ ਸਾਖ਼ ਨੂੰ ਸੁਰੱਖਿਅਤ ਰੱਖਣ ਲਈ ਸੰਚਾਰ ਕਰਦੇ ਹੋ। ਇਸ ਤਰ੍ਹਾਂ, ਇਹ ਜ਼ਰੂਰੀ ਹੈ ਕਿ ਇਸ ਬਾਰੇ ਸਪਸ਼ਟ ਹੋਵੇ ਕਿ ਮੀਡੀਆ ਦੇ ਨਾਲ ਗੱਲਬਾਤ ਕਰਨ ਦਾ ਅਧਿਕਾਰ ਕਿਸ ਨੂੰ ਹੈ ਅਤੇ ਉਹ ਉਮੀਦਾਂ ਜੋ ਸੋਸ਼ਲ ਮੀਡੀਆ ਦੀ ਵਰਤੋਂ ਉੱਤੇ ਲਾਗੂ ਹੁੰਦੀਆਂ ਹਨ।

### ਮੀਡੀਆ ਸੰਚਾਰ

ਖ਼ਬਰਾਂ ਦੀ ਰਿਹਾਈ ਅਤੇ ਮੀਡੀਆ ਅਤੇ ਪੱਤਰਕਾਰਾਂ ਨਾਲ ਸੰਪਰਕ ਸਾਡੇ ਕਾਰੋਬਾਰ ਬਾਰੇ ਹਿੱਸੇਦਾਰਾਂ ਨੂੰ ਅੱਪਡੇਟ ਕਰਦਾ ਹੈ ਅਤੇ ਇੱਕ ਜਨਤਕ ਸੂਚੀਬੱਧ ਕੰਪਨੀ ਵਜੋਂ ਸਾਡੇ ਸੰਚਾਰਕ ਫ਼ਰਜ਼ਾਂ ਨੂੰ ਪੂਰਾ ਕਰਨ ਵਿੱਚ ਮਦਦ ਕਰਦਾ ਹੈ। ਇਸ ਕਾਰਨ ਕਰਕੇ, Kerry ਕੋਲ ਵਿਸ਼ੇਸ਼ ਕੁਸ਼ਲਤਾਵਾਂ ਅਤੇ ਤਜ਼ਰਬੇ ਵਾਲੇ ਨਿਯਤ ਕਰਮਚਾਰੀ ਹਨ, ਜੋ ਮੀਡੀਆ ਅਤੇ ਵਿੱਤੀ ਸਮੀਖਿਅਕਾਂ ਨਾਲ ਸੰਚਾਰ ਕਰਨ ਲਈ ਜ਼ਿੰਮੇਵਾਰ ਹਨ।

ਕਰਮਚਾਰੀਆਂ ਨੂੰ ਕੋਈ ਜਾਣਕਾਰੀ ਮੀਡੀਆ ਨੂੰ ਸਿੱਧੇ ਮੁਹੱਈਆ ਕਰਵਾਉਣ ਦੀ ਬਜਾਏ ਮੀਡੀਆ ਦੇ ਮੈਂਬਰਾਂ ਨੂੰ ਢੁੱਕਵੇਂ Kerry ਸਮੂਹ ਦੇ ਕਰਮਚਾਰੀਆਂ ਵੱਲ ਭੇਜਣਾ ਚਾਹੀਦਾ ਹੈ।

**ਮਦਦ ਲਈ ਕਿੱਥੇ ਜਾਈਏ →**

ਢੁੱਕਵੀਆਂ ਨੀਤੀਆਂ / ਵਧੀਕ ਸੇਧਾਂ: ਮੀਡੀਆ ਅਤੇ ਪ੍ਰੈਸ ਸੰਚਾਰ ਨੀਤੀ, ਸੋਸ਼ਲ ਮੀਡੀਆ ਨੀਤੀ

ਸੰਪਰਕ: ਕਾਰਪੋਰੇਟ ਮਾਮਲੇ, ਮਾਨਵੀ ਸੰਸਾਧਨ, ਨਿਵੇਸ਼ਕ ਦੇ ਸੰਬੰਧ

### ਸੋਸ਼ਲ ਮੀਡੀਆ

ਅਸੀਂ ਮੰਨਦੇ ਹਾਂ ਕਿ ਸੋਸ਼ਲ ਮੀਡੀਆ ਸਾਡੇ ਹਿੱਸੇਦਾਰਾਂ ਨਾਲ ਜੁੱਟਣ ਲਈ ਇੱਕ ਤਾਕਤਵਰ ਟੂਲ ਮੁਹੱਈਆ ਕਰਵਾਉਂਦਾ ਹੈ ਅਤੇ ਸਾਡੇ ਕੋਲ ਇੱਕ ਟੀਮ ਹੈ ਜੋ ਕਿ ਖ਼ਬਰਾ ਨੂੰ ਸਾਡੇ ਕਾਰਪੋਰੇਟ ਸੋਸ਼ਲ ਮੀਡੀਆ ਚੈਨਲਾਂ ਜਿਨ੍ਹਾਂ ਵਿੱਚ ਸ਼ਾਮਲ ਹਨ LinkedIn, Facebook ਅਤੇ Instagram ਰਾਹੀਂ ਪ੍ਰਬੰਧਨ ਕਰਦੀ ਹੈ।

ਜੇਕਰ ਤੁਸੀਂ ਆਪਣੇ ਨਿੱਜੀ ਸੋਸ਼ਲ ਮੀਡੀਆ ਖਾਤਿਆਂ ਉੱਤੇ Kerry, ਸਾਡੇ ਬ੍ਰਾਂਡਾਂ ਜਾਂ Kerry ਨਾਲ ਸੰਬੰਧਿਤ ਕੋਈ ਹੋਰ ਜਾਣਕਾਰੀ ਉੱਤੇ ਕੋਈ ਟਿੱਪਣੀ ਕਰਨ ਦਾ ਫ਼ੈਸਲਾ ਕੀਤਾ ਹੈ, ਤਾਂ ਵਧੀਕ ਧਿਆਨ ਰੱਖੋ। ਅਤੇ ਇਹ ਧਿਆਨ ਰੱਖੋ ਕਿ ਕਿਸੇ ਵੀ ਗੁਪਤ ਜਾਣਕਾਰੀ ਦਾ ਖ਼ੁਲਾਸਾ ਨਾ ਹੋਵੇ ਅਤੇ ਹਮੇਸ਼ਾਂ ਚੰਗੇ ਫ਼ੈਸਲੇ ਵਰਤੋ ਅਤੇ ਸਤਿਕਾਰ ਸਹਿਤ ਰਹੋ।

### ਬਾਹਰੀ ਸੰਚਾਰਾਂ ਲਈ ਚਾਰ ਨੀਯਮ:

- → Kerry ਵੱਲੋਂ ਮੀਡੀਆ ਜਾਂ ਪੱਤਰਕਾਰਾਂ ਨਾਲ ਗੱਲਬਾਤ ਨਾ ਕਰੋ ਜਦੋਂ ਤੱਕ ਤੁਹਾਨੂੰ ਅਜਿਹਾ ਕਰਨ ਲਈ ਅਧਿਕਾਰਤ ਨਹੀਂ ਕੀਤਾ ਜਾਂਦਾ। ਕਿਸੇ ਵੀ ਤਰ੍ਹਾਂ ਦੀ ਮੀਡੀਆ ਪੁੱਛ-ਗਿੱਛ ਨੂੰ ਕਾਰਪੋਰੇਟ ਮਾਮਲੇ ਟੀਮ ਵੱਲ ਮੋੜ ਦਿਓ।
- → Kerry ਵੱਲੋਂ ਕਿਸੇ ਵੀ ਮੌਕੇ ਉੱਤੇ ਬੋਲਣ ਦਾ ਸੱਦਾ ਸਵੀਕਾਰ ਕਰਨ ਤੋਂ ਪਹਿਲਾਂ ਤੁਸੀਂ ਆਪਣੇ ਖੇਤਰੀ ਸੰਚਾਰ ਆਗੂ ਕੋਲੋਂ ਸਹਿਮਤੀ ਪ੍ਰਾਪਤ ਕਰੋ।
- → ਕਦੇ ਵੀ ਗੁਪਤ ਜਾਂ ਸੰਵੇਦਨਸ਼ੀਲ ਜਾਣਕਾਰੀ ਦਾ ਖ਼ੁਲਾਸਾ ਨਾ ਕਰੋ।
- → ਸੋਸ਼ਲ ਮੀਡੀਆ: ਚੰਗੇ ਰਹੋ, ਅਨੰਦ ਲਓ ਅਤੇ ਜੁੜੋ।



# ਸਾਡੀਆਂ ਬਰਾਦਰੀਆਂ ਲਈ ਦੇਖਭਾਲ

Kerry ਸਮੂਹ ਭੋਜਨ ਅਤੇ ਪੀਣ ਪਦਾਰਥ ਪਦਾਰਥ ਹੱਲ ਸਿਰਜ ਕੇ ਟਿਕਾਊ ਪੌਸ਼ਟਿਕਤਾ ਪਹੁੰਚਾਉਣ ਲਈ ਵਚਨਬੱਧ ਹੈ ਜੋ ਲੋਕਾਂ ਅਤੇ ਗ੍ਰਹਿ ਦੀ ਸੁਰੱਖਿਆ ਕਰਦੇ ਹੋਏ ਚੰਗੀ ਸਿਹਤ ਲਈ ਯੋਗਦਾਨ ਦਿੰਦੇ ਹਨ।



# ਗ੍ਰਹਿ ਦੀ ਸੁਰੱਖਿਆ ਕਰਨਾ



**ਵਿਸ਼ਵ-ਵਿਆਪੀ ਆਗੂ ਵਜੋਂ Taste & Nutrition ਇੱਕ ਪ੍ਰਭਾਵ ਦੇਣ ਵਾਲੇ ਪੱਧਰ ਉੱਤੇ, Kerry ਸਮੂਹ ਆਪਣੀ Beyond the Horizon ਵਿਉਂਤ ਦੇ ਨਾਲ ਆਪਣੀ ਭੂਮਿਕਾ ਨਿਭਾਉਣ ਲਈ ਵਚਨਬੱਧ ਹੈ।**

ਮਨੁੱਖ ਅਤੇ ਗ੍ਰਹਿ ਦੀ ਸਿਹਤ ਨੂੰ ਬਰਕਰਾਰ ਰੱਖਦੇ ਹੋਏ ਵੱਧ ਰਹੀ ਭੂਗੋਲਿਕ ਵੱਸੋ ਨੂੰ ਖ਼ੁਰਾਕ ਦੇਣਾ ਸਾਡੇ ਉਦਯੋਗ ਲਈ ਇੱਕ ਵੱਡੀ ਚੁਣੌਤੀ ਪੇਸ਼ ਕਰ ਰਿਹਾ ਹੈ। ਸਾਡੇ ਦ੍ਰਿਸ਼ਟੀਕੋਣ ਦੇ ਹਿੱਸੇ ਵਜੋਂ ਅਸੀਂ ਟਿਕਾਊ ਪੌਸ਼ਟਿਕਤਾ ਵਾਲੀ ਇੱਕ ਦੁਨੀਆ ਦੀ ਸੰਭਾਵਨਾ ਨੂੰ ਦੇਖ ਰਹੇ ਹਾਂ, ਉਹ ਜੋ ਲੋਕਾਂ ਅਤੇ ਗ੍ਰਹਿ ਦੀ ਸੁਰੱਖਿਆ ਕਰਦੇ ਹੋਏ ਚੰਗੀ ਸਿਹਤ ਲਈ ਯੋਗਦਾਨ ਪਾਉਂਦੀ ਹੈ।

ਕਰਮਚਾਰੀ ਸਾਡੇ ਟਿਕਾਊਪਣ ਦੀਆਂ ਕੋਸ਼ਿਸ਼ਾਂ ਅਤੇ ਸਹਾਇਤਾ ਪਹਿਲ ਦੇ ਯੋਧੇ ਹਨ ਜੋ ਸਾਨੂੰ ਪਾਲਣਾ ਕਰਨ ਦੀ ਬਜਾਏ ਅਗਵਾਈ ਕਰਨ ਵਿੱਚ ਮਦਦ ਕਰਦੇ ਹਨ।

ਸਾਡੀਆਂ ਵਚਨਬੱਧਤਾਵਾਂ ਸਾਡੀ ਵਾਤਾਵਰਨ ਜ਼ਿੰਮੇਵਾਰੀ ਨੀਤੀ ਵਿੱਚ ਨਿਰਧਾਰਤ ਕੀਤੀਆਂ ਹੋਈਆਂ ਹਨ ਅਤੇ ਅਸੀਂ ਉਹਨਾਂ ਸਾਰਿਆਂ ਤੋਂ ਉਮੀਦ ਕਰਦੇ ਹਾਂ ਜਿਨ੍ਹਾਂ ਨਾਲ ਅਸੀਂ ਕਾਰੋਬਾਰ ਕਰਦੇ ਹਾਂ ਕਿ ਉਹ Kerry ਵਾਂਗ ਹੀ ਵਾਤਾਵਰਨ ਜ਼ਿੰਮੇਵਾਰੀ ਦੇ ਉੱਚੇ ਮਿਆਰਾਂ ਨੂੰ ਕਾਇਮ ਰੱਖਣਗੇ।

### ਕਰਮਚਾਰੀਆਂ ਦੀਆਂ ਉਮੀਦਾਂ

> ਜਿੱਥੇ ਤੁਹਾਡਾ ਟਾਕਰਾ ਗ਼ੈਰ-ਟਿਕਾਊ ਵਿਹਾਰ ਨਾਲ ਹੁੰਦਾ ਹੈ ਜਿਵੇਂ ਕਿ ਪਾਣੀ ਜਾਂ ਹੋਰ ਸਰੋਤਾਂ ਦੀ ਬਰਬਾਦੀ ਜਾਂ ਕਾਰੋਬਾਰੀ ਫ਼ੈਸਲਿਆਂ ਦੇ ਵਾਤਾਵਰਨ ਉੱਤੇ ਪ੍ਰਭਾਵ ਨੂੰ ਵਿਚਾਰਨ ਵਿੱਚ ਅਸਫ਼ਲਤਾ, ਅਸੀਂ ਤੁਹਾਨੂੰ ਬੋਲਣ ਲਈ ਅਤੇ ਇਨ੍ਹਾਂ ਕਾਰਜ-ਪ੍ਰਣਾਲੀਆਂ ਨੂੰ ਚੁਣੌਤੀ ਦੇਣ ਲਈ ਉਤਸ਼ਾਹਤ ਕਰਦੇ ਹਾਂ।

> ਜਦੋਂ ਸਪਲਾਇਰਾਂ ਅਤੇ ਹੋਰ ਭਾਈਵਾਲਾਂ ਨਾਲ ਵਿਹਾਰ ਕਰਦੇ ਸਮੇਂ ਤੁਹਾਨੂੰ ਸਿਰਫ਼ ਉਹਨਾਂ ਨਾਲ ਹੀ ਕੰਮ ਕਰਨਾ ਚਾਹੀਦਾ ਹੈ ਜਿਨ੍ਹਾਂ ਕੋਲ ਮਜ਼ਬੂਤ ਟਿਕਾਊ ਸਮਰੱਥਾ ਵਚਨਬੱਧਤਾਵਾਂ ਮੌਜੂਦ ਹਨ ਅਤੇ ਜੋ ਗ੍ਰਹਿ ਉੱਤੇ ਕਿਸੇ ਵੀ ਮਾੜੇ ਪ੍ਰਭਾਵ ਨੂੰ ਘੱਟ ਕਰਨ ਲਈ ਕੋਸ਼ਿਸ਼ ਕਰ ਰਹੇ ਹਨ।

**ਮਦਦ ਲਈ ਕਿੱਥੇ ਜਾਈਏ →**

ਢੁੱਕਵੀਆਂ ਨੀਤੀਆਂ / ਵਧੀਕ ਸੋਧਾਂ: ਵਾਤਾਵਰਨਕ ਜ਼ਿੰਮੇਵਾਰੀ ਨੀਤੀ, ਕਾਰਪੋਰੇਟ ਵੈੱਬਸਾਈਟ ਦਾ ਟਿਕਾਊ ਸਮਰੱਥਾ ਵਿਭਾਗ, ਸਪਲਾਇਰ ਆਚਾਰ ਜ਼ਾਬਤਾ

ਸੰਪਰਕ: QSHE, ਟਿਕਾਊ ਸਮਰੱਥਾ ਟੀਮ



# ਬਰਾਦਰੀਆਂ ਦਾ ਪੁਸ਼ਟੀਕਰਨ

## Kerry ਸਮੂਹ ਦਾ ਬਰਾਦਰੀ ਨੂੰ ਸਹਾਰਾ ਦੇਣ ਵਾਲੀਆਂ ਪਹਿਲਕਦਮੀਆਂ ਅਤੇ ਪਰਉਪਕਾਰੀ ਕੰਮਾਂ ਨੂੰ ਸਮਰਥਨ ਦੇਣ ਦਾ ਇੱਕ ਮਾਣਮੱਤਾ ਰਿਕਾਰਡ ਹੈ।



ਅਸੀਂ ਜਿੱਥੇ ਕੰਮ ਕਰਦੇ ਹਾਂ ਉੱਥੇ ਵਿਕਾਸ ਕਾਰਜਾਂ ਵਿੱਚ ਭਾਈਵਾਲੀ ਅਤੇ ਉਹਨਾਂ ਦੇ ਪ੍ਰਚਾਰ ਕਰਨ ਅਤੇ ਬਰਾਦਰੀਆਂ ਨਾਲ ਚੰਗੇ ਸੰਬੰਧ ਸਥਾਪਤ ਕਰਨ ਅਤੇ ਉਹਨਾਂ ਵਿੱਚ ਅਰਥਭਰਪੂਰ ਹਿੱਸੇਦਾਰੀ ਪਾਉਣ ਦੀ ਕੀਮਤ ਨੂੰ ਪਛਾਣਦੇ ਹਾਂ।

ਅਸੀਂ NGO's ਦੇ ਨਾਲ ਸਮਾਜਕ ਪ੍ਰਭਾਵ ਵਾਲੀਆਂ ਭਾਈਵਾਲੀ ਵਾਲੇ ਸਮੂਹ ਵਿਆਪਕ ਪ੍ਰੋਗਰਾਮਾਂ ਨੂੰ ਅਤੇ ਇਸੇ ਤਰ੍ਹਾਂ Kerry MyCommunity Programme ਦਾ ਸੰਚਾਲਨ ਕਰਦੇ ਹਾਂ ਤਾਂ ਕਿ Kerry ਦੇ ਦੁਨੀਆ ਭਰ ਦੇ ਸਥਾਨਾਂ ਉੱਤੇ ਖਾਣੇ ਪੌਸ਼ਟਿਕਤਾ ਅਤੇ ਸਿਹਤ ਸੰਬੰਧੀ ਪਹਿਲਕਦਮੀਆਂ ਦੀ ਸਹਾਇਤਾ ਲਈ ਸਰੋਤਾਂ ਅਤੇ ਸਵੈ-ਸੇਵਕ ਕੋਸ਼ਿਸ਼ਾਂ ਨੂੰ ਚਾਲੂ ਕੀਤਾ ਜਾਵੇ।

ਪਰਉਪਕਾਰੀ ਕੰਮਾਂ ਨੂੰ ਸਹਾਰਾ ਦਿੰਦੇ ਸਮੇਂ ਅਸੀਂ ਇਮਾਨਦਾਰੀ ਨਾਲ ਵਿਹਾਰ ਕਰਦੇ ਹਾਂ ਅਤੇ ਇਹ ਪੱਕਾ ਕਰਦੇ ਹਾਂ ਕਿ ਸਾਡੀਆਂ ਹਿੱਸੇਦਾਰੀਆਂ ਪਾਰਦਰਸ਼ੀ ਹਨ, ਲਾਗੂ ਹੋਣ ਵਾਲੇ ਕਾਨੂੰਨਾਂ ਮੁਤਾਬਕ ਹਨ ਅਤੇ ਕਦੇ ਵੀ ਅਣਉਚਿਤ ਕਾਰੋਬਾਰੀ ਵਾਧਾ ਲੈਣ ਲਈ ਨਹੀਂ ਦਿੱਤੀਆਂ ਜਾਂਦੀਆਂ।

ਅਸੀਂ ਸਾਰੇ ਕਰਮਚਾਰੀਆਂ ਨੂੰ ਸਮੂਹ ਦੀ ਹਰੇਕ ਸਾਲ ਇੱਕ ਦਿਨ ਦੇ ਭੁਗਤਾਨਸ਼ੁਦਾ ਸਵੈ-ਸੇਵਕੀ ਕਰਨ ਦੀ ਸਵੈ-ਸੇਵਕ ਨੀਤੀ ਦਾ ਲਾਭ ਲੈਣ ਲਈ ਉਤਸ਼ਾਹਤ ਕਰਦੇ ਹਾਂ, ਸਾਰੇ ਕਰਮਚਾਰੀਆਂ ਲਈ ਜਾਂ ਕਿਸੇ Kerry ਪ੍ਰੋਗਰਾਮ ਦੇ ਨਾਲ ਜਾਂ ਉਹਨਾਂ ਦੇ ਸਥਾਨਕ ਖੇਤਰ ਵਿੱਚ ਕਿਸੇ ਭਾਈਚਾਰਕ ਪਹਿਲ ਵਿੱਚ।

Concern worldwide

WFP World Food Programme



**ਮਦਦ ਲਈ ਕਿੱਥੇ ਜਾਈਏ →**

ਢੁੱਕਵੀਆਂ ਨੀਤੀਆਂ / ਵਧੀਕ ਸੇਧਾਂ: ਕਾਰਪੋਰੇਟ ਵੈੱਬਸਾਈਟ ਦਾ ਟਿਕਾਊ ਸਮਰੱਥਾ ਵਿਭਾਗ

ਸੰਪਰਕ: ਕਾਰਪੋਰੇਟ ਮਾਮਲੇ, ਟਿਕਾਊ ਸਮਰੱਥਾ ਵਿਭਾਗ

# ‘Speak Up’ ਸੇਵਾ ਦੇ ਸੰਪਰਕ ਵੇਰਵੇ



# ‘Speak Up’ ਸੇਵਾ ਦੇ ਸੰਪਰਕ ਵੇਰਵੇ

| ਦੇਸ਼ | ਟੈਲੀਫ਼ੋਨ ਨੰਬਰ |
|---|---|
| ਅਰਜਨਟੀਨਾ | 0800-345-3156 |
| ਅਸਟ੍ਰੇਲੀਆ | 1800 512 184 |
| ਆਸਟ੍ਰੀਆ | 0800 068789 |
| ਬੇਲਾਰੂਸ | 8 820 0321 0424 |
| ਬੇਲਜੀਅਮ | 0800 76 410 |
| ਬ੍ਰਾਜ਼ੀਲ | 0800 000 0226 |
| ਕੈਨੇਡਾ | (833) 674-1737 |
| ਚਿਲੀ | 800 681 003 |
| ਚੀਨ | 400 120 0187 |
| ਕੋਲੰਬੀਆ | 018005190510 |
| ਕੋਸਟਾ ਰੀਕਾ | 0800-032-0037 |
| ਚੈੱਕ ਗਣਰਾਜ | 800 144 526 |
| ਡੇਨਮਾਰਕ | 80 83 01 42 |
| ਮਿਸਰ | 0800 006 0272 |
| ਫ਼੍ਰਾਂਸ | 0 800 99 02 84 |
| ਜਰਮਨੀ | 0800 1821076 |
| ਗ੍ਰੀਕ | 800 848 1073 |
| ਹਾਂਗ ਕਾਂਗ | 800 930 164 |
| ਹੰਗਰੀ | 06 80 088 409 |
| ਭਾਰਤ | 000 800 919 1309 |
| ਇੰਡੋਨੇਸ਼ੀਆ | 0800 1503228 |
| ਆਇਰਲੈਂਡ | 1800 851 698 |
| ਇਜ਼ਰਾਇਲ | 1-809-399-861 |
| ਇਟਲੀ (ਸੈਨ ਮੈਰੀਨੋ ਅਤੇ ਵੈਟੀਕਨ ਸ਼ਹਿਰ ਸ਼ਾਮਲ ਹਨ) | 800 761 605 |

| ਦੇਸ਼ | ਟੈਲੀਫ਼ੋਨ ਨੰਬਰ |
|---|---|
| ਜਪਾਨ | 0800-300-3046 |
| ਕੀਨੀਆ | 0800 211 255 |
| ਲੈਕਸਮਬਰਗ | 800 27 365 |
| ਮਲੇਸ਼ੀਆ | 1-800-81-9265 |
| ਮੈਕਸੀਕੋ | 800 681 8174 |
| ਨੀਦਰਲੈਂਡ | 08000249503 |
| ਨਿਊਜ਼ੀਲੈਂਡ | 0800 715 007 |
| ਪੇਰੂ | (0800) 78568 |
| ਫ਼ੀਲੀਪਿਨਸ | 1800 1 322 0012 |
| ਪੋਲੈਂਡ | 800 005 044 |
| ਪੁਰਤਗਾਲ | 800 181 384 |
| ਰੋਮਾਨੀਆ | 0800 890 384 |
| ਰੂਸ | 8 (800) 301-84-32 |
| ਸਾਊਦੀ ਅਰਬ | 800 850 0347 |
| ਸਿੰਗਾਪੁਰ | 800 492 2512 |
| ਦੱਖਣੀ ਅਫ਼ਰੀਕਾ | 080 098 3863 |
| ਸਪੇਨ | 900 963 257 |
| ਸਵੀਡਨ | 020-12 73 13 |
| ਥਾਈਲੈਂਡ | 1800014711 |
| ਤੁਰਕੀ | 08006212331 |
| ਯੁਕਰੇਨ | 0800 801 458 |
| ਸੰਯੁਕਤ ਅਰਬ ਅਮੀਰਾਤ | 800 035704313 |
| ਯੂਨਾਈਟਡ ਕਿੰਗਡਮ | 0800 090 3693 |
| ਸੰਟੁਕਤ ਰਾਜ ਅਮਰੀਕਾ | (833) 674-1737 |
| ਵਿਅਤਨਾਮ | 1800400552 |

ਅੱਗੇ ਦਿੱਤੇ ਦੇਸ਼ਾਂ ਲਈ, ਇੱਕ ਬਾਹਰੀ ਲਾਈਨ ਤੋਂ ਪਹੁੰਚ ਕੋਡ ਡਾਇਲ ਕਰੋ ਅਤੇ ਝੱਟ ਫ਼ੋਨ ਨੰਬਰ ਡਾਇਲ ਕਰੋ।

| ਦੇਸ਼ | ਪਹੁੰਚ ਕੋਡ 1 | ਪਹੁੰਚ ਕੋਡ 2 | ਟੈਲੀਫ਼ੋਨ ਨੰਬਰ |
|---|---|---|---|
| ਏਲ ਸਾਲਵਾਦੋਰ | 800-1785 | | (833) 674-1737 |
| ਗੁਆਟੇਮਾਲਾ | 999-9190 | | (833) 674-1737 |
| ਨਿਕਾਰਾਗੁਆ | 1-800-0164 | 1-800-0174 | (833) 674-1737 |
| ਨਾਈਜੀਰੀਆ | 0-708-060-1816 | | (833) 674-1737 |
| ਪਨਾਮਾ | 1-800-0164 | 1-800-0174 | (833) 674-1737 |
| ਵੇਨਜ਼ੁਏਲਾ | 0-800-225-5288 | 0-800-552-6288 | (833) 674-1737 |

**Kerry ਸਮੂਹ**
Prince’s Street, Tralee,
Co. Kerry, V92 EH11, Ireland.
ਟੈ: +353 66 718 2000

**www.kerrygroup.com**

